# ਅੰਮ੍ਰਿਤੁ ਕੀਰਤਨ

ਈ-ਮੈਗਜ਼ੀਨ | e-Magazine

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥

In Katak, that alone comes to pass, which is pleasing to the Will of God.

ਦੀਪਕੁ ਸਹਜਿ ਬਲੈ ਤਤਿ ਜਲਾਇਆ॥

The lamp of intuition burns, lit by the essence of reality.

ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥

Love is the oil in the lamp, which unites the soul-bride with her Lord.
The bride is delighted, in ecstasy.

ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥

One who dies in faults and demerits - her death is not successful.
But one who dies in glorious virtue, really truly dies.

ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥

Those who are blessed with devotional worship of the Naam, the Name of the Lord,
sit in the home of their own inner being. They place their hopes in You.

ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥

Nanak: please open the shutters of Your Door, O Lord, and meet me.
A single moment is like six months to me. ||੧੨||

(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ਅੰਗ ੧੧੦੯)

ਸੰਪਾਦਕ
ਡਾ. ਜਾਗੀਰ ਸਿੰਘ

ਅਕਤੂਬਰ ੨੦੨੫



## ਗ

ਗਿਆਨ ਬਿਨਾ ਜੇ ਕੋਈ ਬੰਦਾ,
ਪਸ਼ੂ ਢੋਰ, ਸਦਾਵੇ ਹੂ।
ਚੰਗੀ ਮੰਦੀ ਖਬਰ ਨ ਕੋਈ,
ਨ ਬੁਰਾ ਭਲਾ ਸਮਝਾਵੇ ਹੂ।
ਕਿਧਰੋਂ ਆਇਆ, ਕਿੱਧਰ ਚਲਿਆ,
ਹੁਣ ਕਿਧਰ ਨੂੰ ਜਾਵੇ ਹੂ।
ਸੰਤੋਖ ਖਾਣਾ ਨ ਪੀਣਾ ਸਮਝੇ
ਕਿੱਥੋਂ ਆਵੇ ਜਾਵੇ ਹੂ।

# ਅੰਮ੍ਰਿਤ ਕੀਰਤਨ

**ਸੰਪਾਦਕ**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
* ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
**ਗੰਢੁ ਪਰੀਤੀ ਮਿਠੇ ਬੋਲ** 2

**ਗੁਰਮਤਿ ਸੰਗੀਤ ਵਿਚ ਰਾਗ ਗੂਜਰੀ** 5
ਡਾ. ਗੁਰਨਾਮ ਸਿੰਘ

**ਮੇਰੇ ਗੁਰੂ ਮੇਰੇ ਰਹਿਬਰ** 7
**(ਪ੍ਰੋ. ਤਾਰਾ ਸਿੰਘ ਦੇ ਜਨਮ ਦਿਨ ਉੱਤੇ ਵਿਸ਼ੇਸ਼)**
ਡਾ. ਨਿਵੇਦਿਤਾ ਸਿੰਘ

**ਵਿਲੱਖਣ ਤੇ ਰੂਹਾਨੀ ਸ਼ਖ਼ਸੀਅਤ ਦੇ ਮਾਲਕ : ਬਾਬਾ ਬਲਜਿੰਦਰ ਸਿੰਘ ਜੀ** 11
ਡਾ. ਗੁਰਦੇਵ ਸਿੰਘ

**ਅਮਰੀਕਨ ਸਿੱਖ ਬੱਚੇ ਅਰਜਨਵੀਰ ਸਿੰਘ ਵਲੋਂ 31 ਰਾਗ ਗਾਉਣ ਦਾ ਕ੍ਰਿਸ਼ਮਾ** 14
ਡਾ. ਗੁਰਨਾਮ ਸਿੰਘ

**ਪੁਸਤਕ ਰੀਵਿਊ ਆਨੰਦਪੁਰ ਸਾਹਿਬ ਬਾਰੇ ਖੋਜ ਪੁਸਤਕ** 16
ਪ੍ਰੋ. ਨਵ ਸੰਗੀਤ ਸਿੰਘ

**Bhai Beant Singh Bijli** 18
Dr. Amardev Singh

**ਸੁਰਲਿਪੀ ਰਾਗ ਗੌਂਡ** 20
ਗੁਰਬਖਸ਼ ਸਿੰਘ



**ਮੈਗਜੀਨ ਦਾ ਸਾਲਾਨਾ ਚੰਦਾ : 500/-ਰੁਪਏ**


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :

**AMRIT KIRTAN TRUST**

Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

## ਕਰਉ ਬੇਨੰਤੀਆ

# ਗੰਢੁ ਪਰੀਤੀ ਮਿਠੇ ਬੋਲ

ਪਿੱਛੇ ਜਿਹੇ ਵਾਟਸੈਪ ਤੇ ਇੱਕ ਸੁਨੇਹਾ ਆਇਆ ਜਿਹੜਾ ਤੁਹਾਡੇ ਨਾਲ ਸਾਂਝਾ ਕਰਨ ਦਾ ਮਨ ਬਣਿਆ ਹੈ।

ਸਾਡੇ ਸ਼ਬਦ ਸਾਡੇ ਰਿਸ਼ਤਿਆਂ ਦੀ ਗੁਣਵੱਤਾ ਨੂੰ ਕਿਵੇਂ ਆਕਾਰ ਦਿੰਦੇ ਹਨ? ਸ਼ਬਦਾਂ ਦਾ ਆਦਾਨ-ਪ੍ਰਦਾਨ ਕਿਸੇ ਵੀ ਰਿਸ਼ਤੇ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਜਿਵੇਂ-ਜਿਵੇਂ ਅਸੀਂ ਪਰਿਪੱਕ ਹੁੰਦੇ ਹਾਂ ਅਤੇ ਬੁੱਧੀ ਪ੍ਰਾਪਤ ਕਰਦੇ ਹਾਂ, ਅਸੀਂ ਸਿੱਖਦੇ ਹਾਂ ਕਿ ਸਾਡੇ ਸ਼ਬਦ ਮਾਇਨੇ ਰੱਖਦੇ ਹਨ ਅਤੇ ਅਸੀਂ ਉਹਨਾਂ ਨੂੰ ਹੋਰ ਢੁਕਵੇਂ ਢੰਗ ਨਾਲ ਵਰਤਣ ਦੀ ਕੋਸ਼ਿਸ਼ ਕਰਦੇ ਹਾਂ।

ਰਿਸ਼ਤਿਆਂ ਵਿੱਚ ਇੱਕ ਸਮੱਸਿਆ ਗਲਤ ਢੰਗ ਨਾਲ ਕੀਤੀ ਗੱਲਬਾਤ ਹੈ। ਸ਼ਬਦਾਂ ਦੀ ਸਾਡੀ ਚੋਣ,ਸੁਰ ਅਤੇ ਬੋਲਣ ਸਮੇਂ ਅਣਗਹਿਲੀ ਅਕਸਰ ਸਾਡੇ ਸਭ ਤੋਂ ਪਿਆਰੇ ਰਿਸ਼ਤਿਆਂ ਵਿੱਚ ਵੀ ਸਮੱਸਿਆਵਾਂ ਪੈਦਾ ਕਰਦੇ ਹਨ।

ਬੇਲੋੜੀਆਂ ਦਲੀਲਾਂ, ਟਕਰਾਵਾਂ ਅਤੇ ਗਲਤਫਹਿਮੀਆਂ ਤੋਂ ਬਚਣ ਲਈ, ਬੋਲਣ ਤੋਂ ਪਹਿਲਾਂ ਆਪਣੇ ਸ਼ਬਦਾਂ ਨੂੰ ਤੋਲਣ ਲਈ ਇੱਕ ਪੱਲ ਕੱਢੋ। ਵਿਚਾਰ ਕਰੋ ਕਿ ਕੀ ਤੁਸੀਂ ਜੋ ਕਹਿਣ ਜਾ ਰਹੇ ਹੋ ਉਹ ਸੱਚਮੁੱਚ ਜ਼ਰੂਰੀ ਹੈ ਅਤੇ ਦੂਜਾ ਵਿਅਕਤੀ ਇਸ ਬਾਰੇ ਕਿਵੇਂ ਮਹਿਸੂਸ ਕਰੇਗਾ। ਜਦੋਂ ਤੁਸੀਂ ਵਧੇਰੇ ਸੁਚੇਤ ਹੋ ਕੇ ਬੋਲਦੇ ਹੋ ਤਾਂ ਤੁਹਾਡੇ ਰਿਸ਼ਤਿਆਂ ਵਿੱਚ ਸੁਧਾਰ ਆਉਂਦਾ ਹੈ ਅਤੇ ਤੁਸੀਂ ਆਪਣੇ ਆਪ ਨੂੰ ਵਧੇਰੇ ਸ਼ਾਂਤ ਮਹਿਸੂਸ ਕਰਦੇ ਹੋ। ਇਸ ਤਰ੍ਹਾਂ ਘਟ ਪੇਚੀਦਗੀਆਂ ਨਾਲ ਜਿੰਦਗੀ ਆਨੰਦਮਈ ਹੋ ਜਾਂਦੀ ਹੈ।

ਅਜਕਲ ਬੋਲਚਾਲ ਦੀ ਕਲਾ ਬਾਰੇ ਅਨੇਕਾਂ ਪੁਸਤਕਾਂ ਅਤੇ ਕੋਰਸ ਚੱਲ ਰਹੇ ਹਨ। ਇਸ ਕਲਾ ਨੂੰ ਵੀ ਹੋਰ ਖਿੱਤਿਆਂ ਦੇ ਨਾਲ ਨਾਲ ਸਿੱਖਣ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਪੰਜਾਬ ਵਿੱਚ ਇਸ ਗੱਲ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ ਹੈ। ਸਗੋਂ ਕਈ ਵਾਰੀ ਮਿੱਠਾ ਬੋਲਣ ਵਾਲਿਆਂ ਨੂੰ ਮੀਸਣੇ ਸਮਝਿਆ ਜਾਂਦਾ ਹੈ ਅਤੇ ਮੂੰਹ ਫੱਟ ਬੰਦੇ ਨੂੰ ਸੱਚਾ ਸਮਝਿਆ ਜਾਂਦਾ ਹੈ। ਅਸੀਂ ਇਸ ਬਾਰੇ ਗੁਰਬਾਣੀ ਤੋਂ ਸੇਧ ਲੈਣ ਦੀ ਕੋਸ਼ਿਸ਼ ਕਰਦੇ ਹਾਂ।

ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਗ੍ਰੰਥ ਗੁਰਮਤਿ ਮਾਰਤੰਡ (ਪੰਨਾ ੩੧੦, ੩੧੧, ੩੧੨, ੩੧੩) ਵਿੱਚ ਕੌੜਾ (ਫਿੱਕਾ) ਅਤੇ ਮਿੱਠਾ ਬੋਲੋ ਐਂਟਰੀ ਹੇਠ ਗੁਰਬਾਣੀ ਅਤੇ ਗੁਰਮਤਿ ਸਾਹਿਤ ਵਿੱਚੋਂ ਕੁਝ ਹਵਾਲੇ ਦਿੱਤੇ ਹਨ। ਭਾਈ ਸਾਹਿਬ ਲਿਖਦੇ ਹਨ-

ਬੋਲਣ ਦੀ ਸਿੱਖਿਆ ਮਾਤਾ ਪਿਤਾ, ਧਰਮ ਅਸਥਾਨ ਅਤੇ ਪਾਠਸ਼ਾਲਾ ਤੋਂ ਮਿਲਦੀ ਹੈ, ਟਕਸਾਲ ਦੇ ਸਿੱਖੇ ਲੋਕ ਆਪਣੀ ਬਾਣੀ ਨਾਲ ਸਭ ਨੂੰ ਪ੍ਰਸੰਨ ਕਰਦੇ ਹਨ। ਅਸਭਿਅ ਲੋਕ ਦੁਖਦਾਈ ਵਚਨਾਂ ਨਾਲ ਹੋਰਨਾਂ ਦੇ ਦਿਲ ਦੁਖਾ ਕੇ ਆਪ ਬੇਅੰਤ ਦੁੱਖ ਭੋਗ ਦੇ ਹਨ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸੁਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ (ਮਹਲਾ ੧, ਵਾਰ ਆਸਾ। ਅੰਗ ੪੭੩)
ਟੂਟਿ ਪਰੀਤਿ ਗਈ ਬੁਰ ਬੋਲਿ॥ ( ਰਾਮਕਲੀ, ਓਅੰਕਾਰ ਮਹਲਾ ੧, ੯੩੯)

ਕਿਸ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ ॥ (ਮਾਰੂ ਮਹਲਾ ੧ ਸੋਲਹੇ, ਅੰਗ ੧੦੨੬)
ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ (ਸਲੋਕ ਫਰੀਦ ਜੀ, ਅੰਗ ੧੩੮੪)
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ (ਸਿਰੀ ਰਾਗ ਮਹਲਾ ੧, ਅੰਗ ੧੫)
ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ ॥ (ਸਿਰੀ ਰਾਗ ਮਹਲਾ ੩, ਅੰਗ ੬੯)
ਸਾਧ ਸੰਗਿ ਹੋਇ ਸਭ ਕੀ ਰੇਨ ॥ ਸਾਧ ਕੈ ਸੰਗਿ ਮਨੋਹਰ ਬੈਨ ॥ (ਸੁਖਮਨੀ ਮਹਲਾ ੫, ਅੰਗ ੨੭੧)
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ (ਮਹਲਾ ੧, ਵਾਰ ਆਸਾ, ਅੰਗ ੪੭੩)
ਕੋਮਲ ਬਾਣੀ ਸਭ ਕਉ ਸੰਤੋਖੈ ॥ (ਗਉੜੀ ਥਿਤੀ ਮਹਲਾ ੫, ਅੰਗ ੨੯੯)
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥ (ਵਡਹੰਸ ਮਹਲਾ ੧, ਅੰਗ ੫੬੫)
ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥ (ਮਹਲਾ ੩ ਵਾਰ ਬਿਲਾਵਲ, ਅੰਗ ੮੫੩)
ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥ (ਮਾਰੂ ਸੋਲਹੇ ਮਹਲਾ ੩, ਅੰਗ ੧੦੫੧)
ਅਕਥ ਕਥਾ ਵੀਚਾਰਿ ਕੈ ਉਸਤਤਿ ਨਿੰਦਾ ਵਰਜਿ ਰਹਾਏ ॥
ਗੁਰ ਉਪਦੇਸੁ ਅਵੇਸੁ ਕਰਿ ਮਿਠਾ ਬੋਲਣਿ ਮਨ ਪਰਚਾਏ ॥ ਭਾਈ ਗੁਰਦਾਸ ਵਾਰ ੬-੧੦
ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ ॥ ਭਾਈ ਗੁਰਦਾਸ ਵਾਰ ੬-੧੮
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ ॥ ਵਾਰ ੮-੨੪
ਹਉ ਤਿਸ ਦੈ ਚਉਖੰਨੀਐ ਰੁੰਦਾ ਕਿਸੈ ਨ ਆਖਿ ਵਖਾਣੈ ॥ ਵਾਰ ੧੨-੫
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਇ ਨ ਆਪੁ ਗਣਾਇਆ ॥ ਵਾਰ ੨੬-੬
ਮਿਠਾ ਬੋਲਣੁ ਨਿਵ ਚਲਣੁ ਖਟਿ ਖਵਾਲਣੁ ਆਸ ਨਿਰਾਸੀ ॥
ਸਾਧ ਸੰਗਤਿ ਮਿਲਿ ਬੰਦ ਖਲਾਸੀ ॥ ਵਾਰ ੩੯-੧੭
ਭਾਈ ਗੁਰਦਾਸ ਜੀ ਦੇ ਕਬਿੱਤ ਵਿੱਚ ਵੀ ਬਿਆਨ ਕੀਤਾ ਹੈ-
ਮਧੁਰ ਬਚਨ ਸਮਸਰ ਨ ਪੁਜਸ ਮਧੁ,
ਕਰਕ ਸਬਦ ਸਮ ਬਿਖ ਬਿਖ ਨ ਬਿਖਮ ਹੈ।
ਮਧੁਰ ਬਚਨ ਸੀਤਲਤਾ ਮਿਸ਼ਟਾਨ ਪਾਨ,
ਕਰਕ ਸਬਦ ਸਤਪਤ ਕਟੁ ਕਮ ਹੈ।
ਮਧੁਰ ਬਚਨ ਕਰ ਤ੍ਰਿਪਤ ਸੰਤੋਖ ਸਾਂਤਿ,
ਕਰਕ ਸਬਦ ਅਸੰਤੋਖ ਰੋਖ ਸ੍ਰਮ ਹੈ।
ਮਧੁਰ ਬਚਨ ਲਗ ਅਗਮ ਸੁਗਮ ਹੋਇ,
ਕਰਕ ਸਬਦ ਲਗ ਸੁਗਮ ਅਗਮ ਹੈ।੨੫੬

ਪ੍ਰੇਮ ਸੁਮਾਰਗ ਵਿੱਚ ਲਿਖਿਆ ਹੈ-ਦੁਖਾਵੇ ਕਿਸੇ ਕੋ ਨਾਹੀ, ਮੁਖ ਤੇ ਮਿੱਠਾ ਬੋਲੇ, ਜੋ ਕੋਈ ਬੁਰਾ ਭਲਾ ਕਹੈ ਮਨ ਬਿਖੈ ਲਿਆਵੈ ਨਾਹੀ।

ਗੁਰ ਪ੍ਰਤਾਪ ਸੂਰਜ ਰੁਤ ੫, ਅਧਿਆਇ ੪੫ ਵਿੱਚ ਦਸ਼ਮੇਸ਼ ਦਾ ਸੰਗਤਿ ਨੂੰ ਉਪਦੇਸ਼ ਦਿੰਦਿਆਂ ਲਿਖਿਆ ਹੈ-

ਮਧੁਰ ਕਹੈ ਸਭ ਕੋ ਤ੍ਰਿਪਤਾਵੈ ॥ ਫੀਕਾ ਬੋਲਿ ਨ ਕਿਸੈ ਦੁਖਾਵੈ ॥

ਪੁਰਾਤਨ ਸਾਹਿਤ ਵਿੱਚ ਜੀਵਨ ਜਾਚ ਦੀਆਂ ਅਜਿਹੀਆਂ ਰਮਜ਼ਾਂ ਨੂੰ ਸਮਝਣ- ਸਮਝਾਉਣ ਜੀ ਅਜੋਕੇ ਸਮੇਂ ਵਿੱਚ ਬਹੁਤ ਲੋੜ ਹੈ ਇਸ ਨਾਲ ਸਾਨੂੰ ਆਪਣੇ ਸਾਹਿਤ ਅਤੇ ਸਭਿਆਚਾਰ ਦੀਆਂ ਨਰੋਈਆਂ ਕਦਰਾਂ ਕੀਮਤਾਂ ਦੀ ਮਹੱਤਤਾ ਸਮਝ ਆਵੇਗੀ ਤੇ ਸ਼ਾਇਦ ਜੀਵਨ ਦੀ ਸਾਰਥਕ ਢੰਗ ਨਾਲ ਜੀਉਣ ਦੀ ਜੁਗਤ ਵੀ ਆ ਜਾਵੇ। ----ਭੁੱਲ ਚੁੱਕ ਖਿਮਾ ---ਜਾਗੀਰ ਸਿੰਘ

**ਹੁਣ ਆਪ ਜੀ 'ਅੰਮ੍ਰਿਤ ਕੀਰਤਨ' ਦੇ ਸਾਰੇ ਪੁਰਾਣੇ ਅੰਕ**
https://amritkirtan.com/magazine.html **ਤੇ ਪੜ੍ਹ ਸਕਦੇ ਹੋ।**

# ਗੁਰਮਤਿ ਸੰਗੀਤ ਵਿਚ ਰਾਗ ਗੂਜਰੀ

**ਡਾ. ਗੁਰਨਾਮ ਸਿੰਘ***

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਰਗੀਕਰਣ ਵਿਚ ਗੂਜਰੀ ਰਾਗ ਪੰਜਵੇਂ ਸਥਾਨ ਤੇ ਪੰਨਾ ੪੮੯ 'ਤੇ ਅੰਕਿਤ ਹੈ ਜਿਸ ਦਾ ਆਰੰਭ ਰਾਗ ਗੂਜਰੀ ਮਹਲਾ ੧ ਚਉਪਦੇ ਘਰੁ ੧ ਦੇ ਸਿਰਲੇਖ ਤੋਂ ਹੁੰਦਾ ਹੈ। ਇਸ ਰਾਗ ਦੀ ਨਾਦਾਤਮਕ ਮਹਿਮਾ ਦਾ ਵਰਨਣ ਕਰਦਿਆਂ ਤੀਜੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੬)

ਗੂਜਰੀ ਰਾਗ ਸੰਗੀਤ ਜਗਤ ਦਾ ਪੁਰਾਤਨ ਤੇ ਲੋਕਪ੍ਰਿਅ ਰਾਗ ਹੈ। ਰਾਗ ਗੂਜਰੀ ਸਬੰਧੀ ਵਿਦਵਾਨਾਂ ਦੀ ਰਾਇ ਹੈ ਕਿ ਇਹ ਲੋਕ ਸੰਗੀਤ ਪਰੰਪਰਾ ਤੋਂ ਵਿਕਸਤ ਹੋਇਆ ਰਾਗ ਹੈ। ਭਾਰਤੀ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਜ਼ਿਕਰ ਆਮ ਮਿਲਦਾ ਹੈ। ਸੰਗੀਤ ਵਿਦਵਾਨਾਂ ਨੇ ਗੂਜਰੀ ਦਾ ਸਰੂਪ ਗੁੱਜਰਾਂ ਦੇ ਲੋਕ ਸੰਗੀਤ ਤੋਂ ਵਿਕਸਿਤ ਮੰਨਿਆ ਹੈ। ਸੰਗੀਤਾਚਾਰੀਆ ਇਸ ਰਾਗ ਨੂੰ ਰਾਗ-ਰਾਗਣੀ ਵਰਗੀਕਰਨ ਅਨੁਸਾਰ ਦੀਪਕ ਰਾਗ ਦੀ ਰਾਗਣੀ ਮੰਨਿਆ ਹੈ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਇਸ ਨੂੰ ਰਾਗ ਰੂਪ ਵਿਚ ਹੀ ਅੰਕਿਤ ਕੀਤਾ ਹੈ। ਗੁਰੁ ਗਿਰਾਰਥ ਕੋਸ਼ ਵਿਚ ਗੂਜਰੀ ਨੂੰ ਮੇਘ ਰਾਗ ਦੀ ਰਾਗਣੀ ਲਿਖਿਆ ਗਿਆ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਗੂਜਰੀ ਦੇ ਪ੍ਰਚਲਿਤ ਸਰੂਪ ਨੂੰ ਹੀ ਦਰਸਾਇਆ ਗਿਆ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ ਸੰਗੀਤ ਰਤਨਾਕਰ ਭਾਗ ਦੂਜਾ ਵਿਚ ਇਸ ਰਾਗ ਨੂੰ ਰਾਗਾਂਗ ਰਾਗ ਸਵੀਕਾਰਿਆ ਗਿਆ ਹੈ। ਭਾਰਤੀ ਰਾਗ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦਾ ਸਰਬ ਪ੍ਰਵਾਣਿਤ ਉਲੇਖ ਹੈ। ਰਾਗ ਗੂਜਰੀ ਨੂੰ ਤੋੜੀ ਦੀ ਇਕ ਵੰਨਗੀ ਵਜੋਂ ਪ੍ਰਵਾਨ ਕਰਦਿਆਂ ਇਸ ਰਾਗ ਨੂੰ ਗੂਜਰੀ ਤੋੜੀ ਵੀ ਆਖਿਆ ਜਾਂਦਾ ਹੈ। ਇਸ ਰਾਗ ਨੂੰ ਤੋੜੀ ਥਾਟ ਤੋਂ ਉਤਪੰਨ ਹੋਇਆ ਹੀ ਮੰਨਿਆ ਗਿਆ ਹੈ ਅਤੇ ਇਸ ਦੇ ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਤਰ੍ਹਾਂ ਰਾਗ ਗੂਜਰੀ ਦਾ ਸਰੂਪ ਪੁਰਾਤਨ, ਸਰਬ ਪ੍ਰਵਾਣਿਤ ਤੇ ਸਥਾਪਤ ਹੈ ਜੋ ਕਰੁਣ ਰਸ ਅਤੇ ਭਗਤੀ ਭਾਵ ਦੀਆਂ ਰਚਨਾਵਾਂ ਲਈ ਉਪਯੁਕਤ ਰਾਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਗੂਜਰੀ ਰਾਗ ਵਿਚ ਜਿੱਥੇ ਸ਼ਾਸਤਰੀ ਬਾਣੀ ਪਦੇ ਤੇ ਅਸ਼ਟਪਦੀ ਰਚਨਾਵਾਂ ਦਾ ਪ੍ਰਯੋਗ ਹੈ ਉੱਥੇ ਇਹ ਪ੍ਰਚਲਿਤ ਲੋਕ ਕਾਵਿ ਰੂਪ ਵਾਰ ਸ਼ੈਲੀ ਦਾ ਪ੍ਰਯੋਗ ਬਾਣੀ ਰਚਨਾਵਾਂ ਵਿਚ ਵੀ ਹੋਇਆ ਹੈ। ਰਾਗ ਗੂਜਰੀ ਅਧੀਨ ਗੁਰੂ ਨਾਨਕ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਦਰਜ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਜੈਦੇਵ ਦੀਆਂ ਬਾਣੀ ਰਚਨਾਵਾਂ ਇਸ ਰਾਗ ਦੇ ਅੰਤਰਗਤ ਮਿਲਦੀਆਂ ਹਨ।

13ਵੀਂ ਸਦੀ ਵਿਚ ਰਚਿਤ ਗ੍ਰੰਥ ਗੀਤ ਗੋਵਿੰਦ ਦੇ ਰਚਨਾਕਾਰ ਕਵੀ ਜੈਦੇਵ ਦੀ ਬਾਣੀ ਵਿਸ਼ੇਸ਼ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਗਤ ਜੈਦੇਵ ਕੇਂਦੂਲੀ (ਜਿਲ੍ਹਾ ਬੀਰਭੂਮੀ) ਬੰਗਾਲ ਦਾ ਪ੍ਰਸਿੱਧ ਗਵੱਈਆ ਜੋ ਰਾਗ ਵਿੱਦਿਆ ਵਿਚ ਮੁਹਾਰਤ ਰੱਖਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਭਗਤ ਦੀ ਬਾਣੀ ਗੂਜਰੀ ਤੇ ਮਾਰੂ ਰਾਗ ਦੇ ਵਿਚ ਅੰਕਿਤ ਹੈ। ਰਾਗ ਗੂਜਰੀ ਵਿਚ ਭਗਤ ਜੈਦੇਵ ਦਾ ਸ਼ਬਦ ਵਿਸ਼ੇਸ਼ ਹੈ।

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪ ੧ਓ ਸਤਿਗੁਰ ਪ੍ਰਸਾਦਿ॥
ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥

ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥
ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥
ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥

ਗੂਜਰੀ ਰਾਗ ਦਾ ਸਮੇਂ ਸਮੇਂ ਤੇ ਹਰ ਰਬਾਬੀ ਰਾਗੀ ਕੀਰਤਨਕਾਰ ਨੇ ਗਾਇਨ ਕੀਤਾ ਹੈ। ਇਸ ਰਾਗ ਨੂੰ ਭਾਈ ਅਵਤਾਰ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਬਲਵੀਰ ਸਿੰਘ, ਭਾਈ ਤੇਜਪਾਲ ਸਿੰਘ ਤੇ ਭਾਈ ਸੁਰਿੰਦਰ ਸਿੰਘ ਸਿੰਘ ਬੰਧੂ, ਡਾ. ਗੁਰਨਾਮ ਸਿੰਘ (ਲੇਖਕ), ਭਾਈ ਬਖਸ਼ੀਸ਼ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ, ਭਾਈ ਨਿਰੰਜਨ ਸਿੰਘ, ਬੀਬੀ ਅਜੀਤ ਕੌਰ ਆਦਿ ਨੇ ਬਾਖ਼ੂਬੀ ਗਾਇਆ ਹੈ। ਇਨ੍ਹਾਂ ਦੀ ਰਿਕਾਰਡਿੰਗ www.gurmatsangeetpup.com, www.sikh-relics.com, www.sewageorgia,org, www.jawadditaksal.org, www.sikhsangeet.com, www.vismaadnaad.org, www.youtube.com ਵੈਬਸਾਈਟਸ 'ਤੇ ਸੁਣੀ ਜਾ ਸਕਦੀ ਹੈ।

ਗੂਜਰੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਸੁਰਲਿਪੀਬੱਧ ਵਿਰਾਸਤੀ ਭੰਡਾਰ ਵਿਚ ਅਨੇਕਾਂ ਸੁਰਲਿਪੀਬੱਧ ਸੁਰਾਵਲੀਆਂ ਮਿਲ ਜਾਂਦੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁੱਖ ਰਚਨਾਕਾਰ ਗਿਆਨੀ ਗਿਆਨ ਸਿੰਘ ਐਬਟਾਬਾਦ ਪ੍ਰੋਫ਼ੈਸਰ ਤਾਰਾ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਨੇ ਗੂਜਰੀ ਰਾਗ ਦੇ ਅੰਤਰਗਤ ਅਨੇਕਾਂ ਸ਼ਬਦਾਂ ਨੂੰ ਸੁਰਲਿਪੀਬੱਧ ਰੂਪ ਵਿਚ ਨਿਬੱਧ ਕੀਤਾ ਹੈ। ਰਬਾਬੀ ਘਰਾਣੇ ਦੀ ਸੀਨਾ-ਬ-ਸੀਨਾ ਚਲਦੀ ਪਰੰਪਰਾ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਸਾਨੂੰ ਰਾਗ ਗੂਜਰੀ ਦੀਆਂ ਕਈ ਸ਼ਬਦ ਕੀਰਤਨ ਰਚਨਾਵਾਂ ਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਗਿਆਨੀ ਗਿਆਨ ਸਿੰਘ ਐਬਟਾਬਾਦ ਦੇ ਸੁਰਲਿਪੀਬੱਧ ਪ੍ਰਕਾਸ਼ਿਤ ਸੰਗ੍ਰਹਿ ਗੁਰਬਾਣੀ ਸੰਗੀਤ (ਭਾਗ ਪਹਿਲਾ ਦੂਜਾ) ਵਿਚ ਇਸ ਰਾਗ ਅਧੀਨ ਸੱਤ ਸ਼ਬਦ ਕੀਰਤਨ ਰਚਨਾਵਾਂ ਜੋ ਕਿ ਰਬਾਬੀ ਭਾਈ ਤਾਬੇ ਦੀਆਂ ਤਰਜ ਹਨ।

ਗੂਜਰੀ ਦਾ ਗੁਰਮਤਿ ਸੰਗੀਤ ਦੀ ਵਿਵਹਾਰਕ ਸ਼ਬਦ ਕੀਰਤਨ ਚੌਕੀ ਪਰੰਪਰਾ ਵਿਚ ਵਿਸ਼ੇਸ਼ ਸਥਾਨ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚੱਲਿਤ ਸ਼ੁਕਰਾਨੇ/ਜਨਮ ਸਮੇਂ ਦੀ ਕੀਰਤਨ ਚੌਕੀ ਵਿਚ ਇਸ ਰਾਗ ਅਧੀਨ ਰਚੀ ਬਾਣੀ ਦਾ ਵਿਸ਼ੇਸ਼ ਰੂਪ ਵਿਚ ਕੀਰਤਨ ਹੁੰਦਾ ਹੈ। ਖਾਸ ਕਰਕੇ ਗੁਰੂ ਅਰਜਨ ਦੇਵ ਦੁਆਰਾ ਉਚਾਰਿਆ ਸ਼ਬਦ ਪੂਤਾ ਮਾਤਾ ਕੀ ਆਸੀਸ ਸ਼ਬਦ ਦਾ ਜਨਮ ਸਮੇਂ ਦੀ ਕੀਰਤਨ ਚੌਕੀ ਦੇ ਅੰਤਰਗਤ ਵਿਸ਼ੇਸ਼ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਸਿੱਖ ਧਾਰਣਾ ਅਨੁਸਾਰ ਗੁਜਰੀ ਰਾਗ ਵਿਚ ਹੀ ਗੁਰੂ ਅਰਜਨ ਦੇਵ ਨੇ ਆਪਣੀ ਮਾਤਾ ਬੀਬੀ ਭਾਨੀ ਵੱਲੋਂ ਮਿਲੀ ਅਸੀਸ ਨੂੰ ਬਾਣੀ ਰੂਪ ਵਿਚ ਇਉਂ ਅੰਕਿਤ ਕੀਤਾ

ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥

All 62 Ragas of Shri Guru Granth Sahib sung by Dr. Gurnam Singh can be accessed here:
https://amritkirtan.com/kirtan-downloads-02.html

* ਡੀਨ ਅਕਾਦਮਿਕ, ਪ੍ਰੋਫ਼ੈਸਰ ਤੇ ਮੁਖੀ (ਰਿਟਾ.), ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਮੇਰੇ ਗੁਰੂ ਮੇਰੇ ਰਹਿਬਰ
## (ਪ੍ਰੋ.ਤਾਰਾ ਸਿੰਘ ਦੇ ਜਨਮ ਦਿਨ ਉੱਤੇ ਵਿਸ਼ੇਸ਼)

ਡਾ. ਨਿਵੇਦਿਤਾ ਸਿੰਘ



ਮੇਰੇ ਜੀਵਨ ਵਿਚ ਪ੍ਰੋ. ਤਾਰਾ ਸਿੰਘ ਦਾ ਪ੍ਰਵੇਸ਼ ਇੱਕ ਦੈਵੀ ਫ਼ਰਿਸ਼ਤੇ ਦੇ ਰੂਪ ਵਿਚ ਹੋਇਆ। ਕੁਦਰਤ ਕਿੰਜ ਜ਼ਰੀਆ ਪੈਦਾ ਕਰਦੀ ਹੈ। ਸਾਡੇ ਬਿਲਕੁਲ ਗੁਆਂਢ ਵਿਚ ਡਾ. ਉਪਿੰਦਰਜੀਤ ਕੌਰ (ਸਾਬਕਾ ਸਿੱਖਿਆ ਮੰਤਰੀ, ਪੰਜਾਬ ਸਰਕਾਰ) ਹੁਰਾਂ ਦਾ ਘਰ ਸੀ। ਉਨ੍ਹਾਂ ਦੇ ਬੇਟੇ ਤੇ ਬੇਟੀ ਨੂੰ ਸੰਗੀਤ ਦੀ ਤਾਲੀਮ ਦੇਣ ਲਈ ਪ੍ਰੋ. ਸਾਹਿਬ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਆਉਂਣਾ ਆਰੰਭ ਕੀਤਾ। ਯੂਨੀਵਰਸਿਟੀ ਕੈਂਪਸ ਦੇ ਉਨ੍ਹਾਂ ਘਰਾਂ ਦੀਆਂ ਦੀਵਾਰਾਂ ਜੁੜੀਆਂ ਹੋਈਆਂ ਸਨ। ਇਕ ਨਿਸ਼ਚਿਤ ਸਮੇਂ ਉਨ੍ਹਾਂ ਦੇ ਘਰੋਂ ਸੰਗੀਤ ਦੀਆਂ ਆਵਾਜ਼ਾਂ ਸਾਡੇ ਤੱਕ ਪਹੁੰਚਦੀਆਂ, ਚੰਗਾ ਲਗਦਾ। ਮੇਰੀ ਮਾਂ ਨੇ ਇੱਕ ਦਿਨ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਪ੍ਰੋ. ਸਾਹਿਬ ਨਾਲ ਭੈਣ ਜੀ ਰਾਹੀਂ ਗੱਲ ਕਰੋ ਕਿ ਆਪਣੇ ਬੱਚਿਆਂ ਨੂੰ ਵੀ ਸਿਖਲਾਈ ਦੇਣ। ਗੱਲ ਹੋਈ, ਪ੍ਰੋ. ਸਾਹਿਬ ਇੱਕ ਦਿਨ ਸਾਡੇ ਘਰ ਆਏ, ਸਾਡੇ ਤੋਂ ਗਾਣਾ ਸੁਣਿਆ ਤੇ ਫਿਰ ਉਨ੍ਹਾਂ ਦਾ ਆਉਂਣਾ ਨਿਰੰਤਰ ਆਰੰਭ ਹੋ ਗਿਆ ਤੇ ਇਸ ਤਰ੍ਹਾਂ ਜ਼ਿੰਦਗੀ ਨੂੰ ਇਕ ਸਾਰਥਕ ਦਿਸ਼ਾ ਹਾਸਿਲ ਹੋਈ। ਜੀਵਨ ਦਾ ਉਦੇਸ਼ ਤੈਅ ਹੋ ਗਿਆ, ਦੇਖਦੇ ਹੀ ਦੇਖਦੇ ਪ੍ਰੋ. ਸਾਹਿਬ ਦੀ ਸੰਗੀਤ ਸਿਖਲਾਈ ਦੀਆਂ ਪੌੜੀਆਂ ਇੱਕ- ਇੱਕ ਕਰਕੇ ਅਸੀਂ, ਮੈਂ ਤੇ ਅਲੰਕਾਰ ਚੜ੍ਹਦੇ ਗਏ। ਸੰਗੀਤ ਨਾਲ ਇਕ ਗੂੜ੍ਹਾ ਨਾਤਾ ਸਥਾਪਿਤ ਹੋ ਗਿਆ, ਸੁਰ-ਲਹਿਰਾਂ ਉੱਠਣ ਲੱਗੀਆਂ ਤੇ ਕੈਂਪਸ ਦੇ ਕਿੰਨੇ ਹੀ ਮੁਹਤਬਰ ਵਿਅਕਤੀਆਂ ਅਤੇ ਕਲਾ ਪਾਰਖੂਆਂ ਨਾਲ ਸਾਡੀ ਸਾਂਝ ਪੈਂਦੀ ਗਈ। 'ਉੱਪਲ ਬੱਚੇ' ਦੇ ਉਨਵਾਨ ਨਾਲ ਸਾਡੀ ਪਛਾਣ ਬਣ ਗਈ। ਗਿਆਨੀ ਗੁਰਚਰਨ ਸਿੰਘ, ਡਾ. ਜੀ. ਐੱਸ. ਆਨੰਦ, ਡਾ. ਡੀ.ਆਰ ਵਿਜ, ਸ. ਕਰਤਾਰ ਸਿੰਘ, ਡਾ. ਤਾਰਨ ਸਿੰਘ, ਡਾ. ਤਰਲੋਕ ਸਿੰਘ, ਡਾ. ਬਖਸ਼ੀਸ਼ ਸਿੰਘ ਤੇ ਉਨ੍ਹਾਂ ਦੀ ਸੁਪਤਨੀ, ਡਾ. ਹਰਬੰਸ ਸਿੰਘ, ਸ੍ਰੀਮਤੀ ਕੈਲਾਸ਼ ਕੌਰ ਕਿੰਨੇ ਹੀ ਵਿਦਵਾਨ ਵਿਅਕਤੀਆਂ ਦੀ ਸ਼ਾਬਾਸ਼ੀ ਤੇ ਸ਼ਲਾਘਾ ਸਦਕਾ ਅਸੀਂ ਇੱਕ-ਇੱਕ ਕਦਮ ਮਜ਼ਬੂਤੀ ਨਾਲ ਅੱਗੇ ਵਧਦੇ ਗਏ। ਸੰਗੀਤ ਕਿਸ ਵੇਲੇ ਜ਼ਿੰਦਗੀ ਦਾ ਧੁਰਾ ਬਣ ਗਿਆ ਪਤਾ ਹੀ ਨਹੀਂ ਲੱਗਿਆ। ਯੂਨੀਵਰਸਿਟੀ ਦੇ ਗੁਰਦੁਆਰਾ ਸਾਹਿਬ ਵਿਚ ਹਰ ਗੁਰਪੁਰਬ 'ਤੇ ਗਾ ਕੇ ਸੰਗਤਾਂ ਦੀਆਂ ਅਸੀਸਾਂ ਮਿਲਦੀਆਂ ਤੇ ਆਪਣੇ ਆਪ ਵਿਚ ਵਿਸ਼ਵਾਸ ਹੋਰ ਪੱਕਾ ਹੁੰਦਾ ਜਾਂਦਾ।

ਪ੍ਰੋ. ਸਾਹਿਬ ਸਾਡੇ ਕੇਵਲ ਸੰਗੀਤ-ਗੁਰੂ ਹੀ ਨਹੀਂ ਸਾਡੀ ਜ਼ਿੰਦਗੀ ਦੇ ਰਹਿਬਰ ਬਣ ਗਏ। ਉਹਨਾਂ ਦੀ ਉਂਗਲ ਫੜ ਕੇ ਸੰਗੀਤ ਦੇ ਅੰਬਰ ਵਿਚ ਅਸੀਂ ਨਿਤ ਨਵੀਆਂ ਉਡਾਰੀਆਂ ਲਗਾਉਂਣ ਲੱਗੇ। ਰਾਗ, ਤਾਲ, ਸੁਰ, ਲੈਅ, ਬੰਦਿਸ਼, ਗਾਇਕੀ, ਕਲਪਨਾ, ਬੜ੍ਹਤ, ਮਿਹਨਤ, ਰਿਆਜ਼, ਚਿੰਤਨ ਇਨ੍ਹਾਂ ਸਭ ਦੀ ਸਮਝ ਸਹਿਜੇ-ਸਹਿਜੇ ਆਉਂਣ ਲੱਗੀ। ਸਭ ਤੋਂ ਪਹਿਲਾਂ ਰਾਗ ਦੁਰਗਾ ਸਿੱਖਿਆ ਤੇ ਵੱਡੇ ਖਿਆਲ ਉਪਰੰਤ ਰਾਗ ਦੀ ਬੜ੍ਹਤ ਕਿਵੇਂ ਕਰਨੀ ਹੈ ਇਹ ਬਿਹਾਗ ਰਾਗ ਰਾਹੀਂ ਸਿੱਖਿਆ। 'ਕੈਸੇ ਸੁਖ ਸੋਵੇ ਨੀਂਦਰੀਆ' ਇਸ ਬੰਦਿਸ਼ ਦੇ ਬੋਲਾਂ ਰਾਹੀਂ ਰਾਗ ਵਿਸਥਾਰ ਦੇ ਅਨੰਤ ਰਾਹਾਂ ਦੀ ਤਲਾਸ਼ ਤੇ ਤਰਾਸ਼ ਕਰਦੇ ਹੋਏ 'ਸ਼ਾਮ ਮੂਰਤ ਚਿੱਤ ਚੜ੍ਹੀ' ਜ਼ਿੰਦਗੀ ਦਾ ਮੂਲ ਮੰਤਰ ਬਣ ਗਿਆ ਅਤੇ ਸੰਗੀਤ ਜੀਵਨ ਦਾ ਅਟੁੱਟ ਹਿੱਸਾ ਬਣ ਗਿਆ। ਇੱਕ ਵਿਸਮਾਦੀ ਆਲਮ ਤੇ ਉਤਸ਼ਾਹਜਨਕ ਮਾਹੌਲ ਸੀ। ਸਾਰੇ ਪਾਸਿਓਂ ਸ਼ਾਬਾਸ਼ੀ ਤੇ ਹੱਲਾਸ਼ੇਰੀ ਪ੍ਰਾਪਤ ਹੁੰਦੀ। ਪ੍ਰੋ. ਸਾਹਿਬ ਨੂੰ ਵੀ ਆਪਣੇ ਲਾਡਲੇ ਸ਼ਿਸ਼ਾਂ 'ਤੇ

ਬੜਾ ਮਾਣ ਸੀ।

ਪ੍ਰੋ. ਸਾਹਿਬ ਡਰਾਇੰਗ ਰੂਮ ਵਿਚ ਵਿਛੇ ਕਾਲੀਨ ਉੱਤੇ ਨਿਸ਼ਚਿਤ ਸਥਾਨ 'ਤੇ ਚੌਕੜੀ ਮਾਰ ਕੇ ਬੈਠਦੇ। ਹਾਰਮੋਨੀਅਮ ਦਾ ਇਕ ਕੋਨਾ ਖੱਬੇ ਗੋਡੇ 'ਤੇ ਟਿਕਾ ਲੈਂਦੇ ਤੇ ਇਕ ਹੇਠਾਂ ਹੁੰਦਾ। ਗਾ ਕੇ ਤਾਂ ਸਮਝਾਉਂਦੇ ਹੀ ਪਰ ਜਿੱਥੇ ਗਲਾ ਜੁਆਬ ਦੇ ਜਾਂਦਾ ਹਾਰਮੋਨੀਅਮ ਰਾਹੀਂ ਸਾਡੇ ਤੱਕ ਪਹੁੰਚਾਉਂਦੇ। ਫਿਰ ਤਾਂ ਉਨ੍ਹਾਂ ਦੇ ਇਸ਼ਾਰੇ ਮਾਤਰ ਨਾਲ ਹੀ ਉਨ੍ਹਾਂ ਦਾ ਇਰਾਦਾ ਸਮਝ ਜਾਂਦੇ।

ਪ੍ਰੋ. ਸਾਹਿਬ ਨਾਲ ਗੂੜ੍ਹਾ ਮੋਹ ਪੈ ਗਿਆ। ਉਨ੍ਹਾਂ ਦੀ ਸੁਪਤਨੀ ਸੁਰਜੀਤ ਕੌਰ, ਸਪੁੱਤਰੀ ਕੰਵਲ ਨੈਣ, ਸਪੁੱਤਰ ਯੁਵਰਾਜ ਤੇ ਉਨ੍ਹਾਂ ਦੀ ਪਤਨੀ ਡਿੰਪੀ ਨਾਲ ਅਕਸਰ ਪ੍ਰੋ. ਸਾਹਿਬ ਦੇ ਘਰ (34, ਖਾਲਸਾ ਕਾਲਜ ਕਲੋਨੀ, ਪਟਿਆਲਾ ਵਿਖੇ) ਮੁਲਾਕਾਤ ਹੋਣ ਲੱਗੀ। ਪ੍ਰੋ. ਸਾਹਿਬ ਦੇ ਲਾਡਲੇ ਸ਼ਿਸ਼ ਹੋਣ ਨਾਤੇ ਸਾਰਿਆਂ ਵੱਲੋਂ ਸਾਨੂੰ ਲਾਡ ਹਾਸਿਲ ਹੁੰਦਾ। ਉਨ੍ਹਾਂ ਦੇ ਖੁੱਲ੍ਹੇ-ਡੁੱਲ੍ਹੇ ਘਰ ਜਾ ਕੇ ਬਹੁਤ ਚੰਗਾ ਲੱਗਦਾ ਤੇ ਲਾਅਨ ਵਿਚ ਲੱਗੀਆਂ ਪੀਂਘਾਂ 'ਤੇ ਅਸੀਂ ਬਹੁਤ ਝੂਟੇ ਲੈਂਦੇ। ਉਨ੍ਹਾਂ ਦੇ ਸਪੁੱਤਰ ਯੁਵਰਾਜ ਹੁਰਾਂ ਦੇ ਵਿਆਹ ਸਮੇਂ ਪ੍ਰੋ. ਸਾਹਿਬ ਨਾਲ ਜੁੜੇ ਕੈਂਪਸ ਵਾਸੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਸਾਰੀਆਂ ਰਸਮਾਂ ਨੂੰ ਚਾਅ ਨਾਲ ਵੇਖਿਆ।

1984 ਵਿਚ ਮੇਰੀ ਪ੍ਰੀ-ਯੂਨੀਵਰਸਿਟੀ ਦੀ ਪ੍ਰੀਖਿਆ ਸੀ। ਮੇਰਾ ਪ੍ਰੈਕਟੀਕਲ ਵੂਮੈਲ ਕਾਲਜ ਵਿਚ ਹੀ ਜਿਥੋਂ ਦੀ ਮੈਂ ਵਿਦਿਆਰਥਣ ਸਾਂ, ਨ੍ਰਿਤ ਵਿਭਾਗ ਜੋ ਭੁਪਿੰਦਰਾ ਕੋਠੀ ਵਿਚ ਸਥਿਤ ਸੀ, ਵਿਖੇ ਹੋਇਆ।ਪ੍ਰੋ. ਸਾਹਿਬ ਦੀ ਛਤਰ ਛਾਇਆ ਵਿਚ ਮੈਂ ਯਮਨ ਰਾਗ ਗਾਇਆ। ਮੈਂ ਨਹੀਂ ਜਾਣਦੀ ਕਿ ਕੋਈ ਦੈਵੀ ਸ਼ਕਤੀ ਸੀ ਜੋ ਪ੍ਰੋ. ਸਾਹਿਬ ਦੀ ਤਾਲੀਮ ਤੋਂ ਹੀ ਹਾਸਿਲ ਹੋਈ। ਮੈਨੂੰ ਮਹਿਸੂਸ ਹੋਇਆ ਕਿ ਮੈਂ ਸਿਖਿਆਰਥੀ ਵਾਂਗ ਨਹੀਂ ਬਲਕਿ ਇਕ ਗੁੜ੍ਹੀ ਹੋਈ ਗਾਇਕਾ ਵਾਂਗ ਗਾਇਆ ਅਤੇ ਤਾਰੀਫ਼ ਹਾਸਿਲ ਹੋਈ। ਮੈਂ ਨਹੀਂ ਕਹਿੰਦੀ ਕਿ ਮੈ ਚੰਗਾ ਗਾਉਂਣ ਲੱਗ ਪਈ ਸਾਂ। ਹਾਂ, ਐਨਾ ਅਹਿਸਾਸ ਮੈਨੂੰ ਤੀਬਰਤਾ ਨਾਲ ਹੋਣ ਲੱਗਾ ਕਿ ਮੈਂ ਸ਼ਾਸਤਰੀ ਗਾਇਕੀ ਦੀਆਂ ਅਨੰਦਮਈ ਪਰਤਾਂ ਨੂੰ ਖੋਲ੍ਹਣ ਤੇ ਫਰੋਲਣ ਦੇ ਕਾਬਿਲ ਹੋ ਗਈ ਸਾਂ। ਯੁਵਕ ਮੇਲਿਆਂ ਵਿਚ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਦੇਣ ਲੱਗੀ। ਰਾਗ ਦੇਸੀ, ਮਧੂਵੰਤੀ, ਮੁਲਤਾਨੀ, ਪਟਦੀਪ ਖ਼ੂਬ ਗਾਏ। ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਦਾ ਸਮਾਂ ਲਗਭਗ ਇਨ੍ਹਾਂ ਰਾਗਾਂ ਵਾਲਾ ਹੀ ਹੁੰਦਾ ਸੀ। ਪ੍ਰੋ. ਸਾਹਿਬ ਆਪ ਹਾਰਮੋਨੀਅਮ ਲੈ ਕੇ ਨਾਲ ਬੈਠਦੇ। ਡਾ. ਜਗਮੋਹਨ ਸ਼ਰਮਾ ਦੀ ਤਬਲਾ ਸੰਗਤ ਹੁੰਦੀ। ਕਿੰਨੇ ਸਾਲ ਪ੍ਰੋ. ਸਾਹਿਬ ਦੀ ਛਤਰ ਛਾਇਆ ਵਿਚ ਜਗਮੋਹਨ ਜੀ ਦੀ ਤਬਲਾ ਸੰਗਤ ਨਾਲ ਅਭਿਆਸ ਕੀਤਾ।

ਪ੍ਰੋ. ਸਾਹਿਬ ਨਾਲ ਸ਼ੁਰੂ ਵਿਚ ਹਫ਼ਤੇ ਦੇ ਦੋ ਦਿਨ ਤੈਅ ਹੋਏ ਸਨ ਪਰ ਫੇਰ ਦਿਨਾਂ ਦਾ ਕੋਈ ਹਿਸਾਬ ਨਾ ਰਿਹਾ। ਹਫ਼ਤੇ ਦੇ ਦਿਨਾਂ ਵਿਚ ਸਾਡੀ ਤਾਲੀਮ ਸਕੂਲ, ਕਾਲਜ ਤੇ ਫੇਰ ਯੂਨੀਵਰਸਿਟੀ ਤੋਂ ਪਰਤ ਆਉਂਣ ਤੋਂ ਬਾਅਦ ਹੁੰਦੀ ਰਹੀ। ਦੁਪਹਿਰ ਦਾ ਸਮਾਂ ਹੁੰਦਾ, ਲੋਕੀ ਰੋਟੀ ਖਾ ਕੇ ਅਰਾਮ ਕਰਦੇ ਤੇ ਅਸੀਂ ਸੰਗੀਤ ਦੇ ਸੁਰੀਲੇ ਸੰਸਾਰ ਦੀ ਯਾਤਰਾ ਵੱਲ ਨਿਕਲ ਪੈਂਦੇ। ਐਤਵਾਰ ਸਵੇਰ ਦੀ ਕਲਾਸ ਤਾਂ ਬਾਕਮਾਲ ਹੁੰਦੀ। ਪ੍ਰੋ. ਸਾਹਿਬ ਸਵੇਰੇ 6 ਵਜੇ ਸਾਡੇ ਕੋਲ ਆ ਜਾਂਦੇ ਤੇ ਅਸੀਂ ਉਸ ਤੋਂ ਪਹਿਲਾਂ ਉੱਠ ਕੇ, ਰਿਆਜ਼ ਕਰ ਕੇ ਬੈਠਦੇ। ਫੇਰ ਇਹ ਸਿਲਸਿਲਾ 9:30-10:00 ਵਜੇ ਤੱਕ ਜਾਰੀ ਰਹਿੰਦਾ। ਐਨੇ ਚਿਰ ਵਿਚ ਮਾਂ ਨਾਸ਼ਤਾ ਬਣਾਉਂਦੀ ਤੇ ਅਸੀਂ ਸਾਰੇ ਮਿਲ ਬੈਠ ਕੇ ਨਾਸ਼ਤਾ ਕਰਦੇ। ਨਾਲ-ਨਾਲ ਸੰਗੀਤ ਦੀਆਂ ਗੱਲਾਂ ਚੱਲਦੀਆਂ ਰਹਿੰਦੀਆਂ। ਪ੍ਰੋ. ਸਾਹਿਬ ਦੀ ਤਾਲੀਮ ਦੇ ਨਾਲ-ਨਾਲ ਮਾਤਾ-ਪਿਤਾ ਵੱਲੋਂ ਮਿਲਦੀ ਪ੍ਰੇਰਣਾ ਤੇ ਸਹਿਯੋਗ ਨੇ ਸੋਨੇ 'ਤੇ ਸੁਹਾਗੇ ਦਾ ਕਾਰਜ ਕੀਤਾ।

ਪ੍ਰੋ. ਸਾਹਿਬ ਨੇ ਸਾਨੂੰ ਕਈ ਸਥਾਨਾਂ ਉੱਤੇ ਬੜੇ ਚਾਅ ਨਾਲ ਗਵਾਇਆ। ਉਨ੍ਹਾਂ ਵੱਲੋਂ ਸਥਾਪਿਤ

ਗੁਰਮਤਿ ਸੰਗੀਤ ਸੁਸਾਇਟੀ ਵਲੋਂ ਹਰ ਹਫ਼ਤੇ ਵੀਰਵਾਰ ਦੇ ਦਿਨ ਕਿਸੇ ਨਾ ਕਿਸੇ ਸੰਗੀਤ ਪ੍ਰੇਮੀ ਦੇ ਘਰ ਸ਼ਾਮ ਨੂੰ ਕੀਰਤਨ ਦਾ ਆਯੋਜਨ ਹੁੰਦਾ ਜਿਸ ਵਿਚ ਪ੍ਰੋ. ਸਾਹਿਬ ਦੇ ਸ਼ਾਗਿਰਦ ਰਾਗਬੱਧ ਕੀਰਤਨ ਪ੍ਰਸਤੁਤ ਕਰਦੇ। ਸਾਈਕਲਾਂ ਉੱਤੇ ਆਪ ਹੀ ਸਾਜ਼ ਆਦਿ ਓਥੇ ਲੈ ਕੇ ਜਾਂਦੇ ਤੇ ਫੇਰ ਵਾਪਸ ਵੀ ਲਿਆਉਂਦੇ। ਆਯੋਜਕਾਂ ਦਾ, ਕੀਰਤਨ ਕਰਨ ਵਾਲਿਆਂ ਦਾ ਤੇ ਸੰਗਤ ਦਾ ਜਜ਼ਬਾ ਇਕ ਅਲੌਕਿਕ ਵਾਤਾਵਰਨ ਦੀ ਸਿਰਜਣਾ ਕਰਦਾ ਜਿਸ ਦੇ ਸੂਤਰਧਾਰ ਤੇ ਨਿਰਦੇਸ਼ਕ ਪ੍ਰੋ. ਸਾਹਿਬ ਹੁੰਦੇ। ਇਨ੍ਹਾਂ ਵੀਰਵਾਰੀ ਸਮਾਗਮਾਂ ਵਿਚ ਅਸੀਂ ਵੀ ਬਹੁਤ ਗਾਇਆ ਤੇ ਸੰਗਤ ਦਾ ਆਸ਼ੀਰਵਾਦ ਹਾਸਿਲ ਕੀਤਾ। ਪ੍ਰੋ. ਸਾਹਿਬ ਦੀ ਸ਼ਿਸ਼ ਬੀਬੀ ਹਰਿੰਦਰ ਕੌਰ ਗੁਰੂ ਨਾਨਕ ਆਸ਼ਰਮ ਪਟਿਆਲਾ ਵਾਲੇ ਸੰਤ ਨਿਰੰਜਨ ਸਿੰਘ ਦੀ ਸਪੁੱਤਰੀ ਸਨ। ਹਰ ਸਾਲ ਆਸ਼ਰਮ ਵਿਖੇ ਹੁੰਦੇ ਸਲਾਨਾ ਸਮਾਗਮ ਵਿਚ ਪ੍ਰੋ. ਸਾਹਿਬ ਦੇ ਸਾਰੇ ਸ਼ਾਗਿਰਦ ਹਾਜ਼ਰੀ ਭਰਦੇ ਤੇ ਵਿਸ਼ੇਸ਼ ਸ਼ਲਾਘਾ ਹਾਸਿਲ ਕਰਦੇ। ਸੰਤ ਨਿਰੰਜਨ ਸਿੰਘ ਬੜੇ ਵਿਦਵਾਨ ਮਹਾਂਪੁਰਖ ਸਨ ਤੇ ਸਾਨੂੰ ਹਮੇਸ਼ਾਂ ਆਪਣੇ ਅਸ਼ੀਰਵਾਦ ਨਾਲ ਨਿਵਾਜਿਆ।

ਪਟਿਆਲਾ ਦੀ ਭੁਪਿੰਦਰਾ ਰੋਡ ਉੱਤੇ ਸਥਿਤ ਅਕੈਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ ਵਲੋਂ ਹਰ ਸਾਲ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੇ ਕੀਰਤਨ ਮੁਕਾਬਲੇ ਆਯੋਜਿਤ ਕੀਤੇ ਜਾਂਦੇ। ਪ੍ਰੋ. ਸਾਹਿਬ ਦੀ ਹਿੰਮਤ ਤੇ ਪ੍ਰੇਰਣਾ ਸਦਕਾ ਉਥੇ ਬਹੁਤ ਸਾਰੀਆਂ ਟੀਮਾਂ ਭਾਗ ਲੈਣ ਲੱਗੀਆਂ। ਵਿਅਕਤੀਗਤ ਮੁਕਾਬਲੇ ਵੀ ਕਰਵਾਏ ਜਾਂਦੇ। ਕਿੰਨੀਆਂ ਹੀ ਟੀਮਾਂ ਨੂੰ ਤੇ ਪ੍ਰਤੀਯੋਗੀਆਂ ਨੂੰ ਪ੍ਰੋ. ਸਾਹਿਬ ਹੀ ਸ਼ਬਦ ਤਿਆਰ ਕਰਾਉਂਦੇ। ਵਿਅਕਤੀਗਤ ਮੁਕਾਬਲੇ ਵਿਚ ਲਗਾਤਾਰ ਕਿੰਨੇ ਹੀ ਸਾਲ ਮੈਂ ਭਾਗ ਲਿਆ ਤੇ ਪਹਿਲਾ ਸਥਾਨ ਹਾਸਿਲ ਕੀਤਾ। ਇਨ੍ਹਾਂ ਸਭ ਪ੍ਰਾਪਤੀਆਂ ਨੇ ਆਤਮ ਵਿਸ਼ਵਾਸ ਵਿਚ ਵਾਧਾ ਕੀਤਾ ਤੇ ਨਾਲ ਹੀ ਇਕ ਜ਼ੁੰਮੇਵਾਰੀ ਦਾ ਅਹਿਸਾਸ ਵੀ ਕਰਵਾਇਆ।

1984-85 ਦੀ ਗੱਲ ਹੋਵੇਗੀ, ਪ੍ਰੋ. ਸਾਹਿਬ ਆਪਣੇ ਸ਼ਿਸ਼ਾਂ ਦੇ ਇਕ ਸਮੂਹ ਨੂੰ ਬੱਸ ਵਿਚ ਬਿਠਾ ਕੇ ਆਲ ਇੰਡੀਆ ਰੇਡੀਓ, ਜਲੰਧਰ ਤੋਂ ਆਡੀਸ਼ਨ ਦਿਲਵਾਉਂਣ ਲਈ ਲੈ ਕੇ ਗਏ। ਰੇਡਿਓ ਉਤੇ ਪ੍ਰਵਾਨਤ ਕਲਾਕਾਰ ਵਜੋਂ ਗਵਾਉਂਣ ਦਾ ਸਿਹਰਾ ਇਨ੍ਹਾਂ ਦੇ ਸਿਰ ਤੇ ਹੀ ਬੱਝਦਾ ਹੈ। ਮੈਨੂੰ ਯਾਦ ਹੈ ਰੇਡਿਓ ਤੋਂ ਮੇਰੀ ਪਹਿਲੀ ਪੇਸ਼ਕਾਰੀ ਲਾਈਵ ਸੀ ਤੇ ਸਵੇਰੇ ਸੱਤ ਵੱਜ ਕੇ ਦਸ ਮਿੰਟ ਉੱਤੇ ਸ਼ਬਦ ਗਾਇਨ ਕਰਨਾ ਸੀ। ਮਨ ਵਿਚ ਇਕ ਅਜੀਬ ਡਰ ਸੀ ਕਿ ਕਿਸ ਤਰ੍ਹਾਂ ਨਿਭੇਗੀ ਪਰ ਪ੍ਰੋ. ਸਾਹਿਬ ਦੀ ਤਾਲੀਮ ਤੇ ਹੱਲਾਸ਼ੇਰੀ ਤੇ ਪ੍ਰਮਾਤਮਾ ਦੀ ਮਿਹਰ ਸਦਕਾ ਵਧੀਆ ਪੇਸ਼ਕਾਰੀ ਹੋਈ ਅਤੇ ਉਦੋਂ ਤੋਂ ਹੁਣ ਤੱਕ ਰੇਡਿਓ ਨਾਲ ਅਟੁੱਟ ਨਾਤਾ ਹੈ।

ਸ੍ਰੀਮਤੀ ਇੰਦਰਜੀਤ ਕੌਰ ਸੰਧੂ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸਨ ਤਾਂ ਉਨ੍ਹਾਂ ਦੇ ਪਤੀ ਗਿਆਨੀ ਗੁਰਦਿੱਤ ਸਿੰਘ, ਸਿੰਘ ਸਭਾ ਗੁਰਦੁਆਰਾ, ਸੈਕਟਰ 27, ਚੰਡੀਗੜ੍ਹ ਵਿਖੇ ਇੱਕ ਸਮਾਗਮ ਵਿਚ ਪ੍ਰੋ. ਸਾਹਿਬ ਦੀ ਸਰਪ੍ਰਸਤੀ ਹੇਠ ਸਾਨੂੰ ਗਵਾਉਂਣ ਲਈ ਲੈ ਗਏ। ਪ੍ਰੋ. ਸਾਹਿਬ ਦਿਲਰੁਬਾ 'ਤੇ ਆਪ ਸੰਗਤ ਕਰ ਰਹੇ ਸਨ। ਸਾਹਮਣੇ ਸੰਗਤ ਵਿਚ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਸੁਸ਼ੋਭਿਤ ਸਨ। ਪ੍ਰੋ. ਸਾਹਿਬ ਬੜੀ ਉਮੰਗ ਤੇ ਚਾਅ ਨਾਲ ਸਾਨੂੰ ਗਾਉਂਦਿਆਂ ਵੇਖ ਰਹੇ ਸਨ ਤੇ ਫੇਰ ਭਾਈ ਸਾਹਿਬ ਵਲ ਮੁਖ਼ਾਤਿਬ ਹੁੰਦੇ। ਭਾਈ ਸਾਹਿਬ ਵੀ ਖੁਲ੍ਹੇ ਮਨ ਨਾਲ ਤਾਰੀਫ਼ ਕਰ ਰਹੇ ਸਨ। ਸਾਡੇ ਲਈ ਵੱਡਾ ਅਵਸਰ ਸੀ। ਬਾਅਦ ਵਿਚ ਜਵੱਦੀ ਟਕਸਾਲ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਜਦੋਂ ਵੀ ਭਾਈ ਸਾਹਿਬ ਨਾਲ ਮੁਲਾਕਾਤ ਹੁੰਦੀ ਤਾਂ ਉਹ ਉਸ ਦ੍ਰਿਸ਼ ਦਾ ਜ਼ਿਕਰ ਕਰਦੇ ਤੇ ਪ੍ਰੋ. ਸਾਹਿਬ ਨੂੰ ਯਾਦ ਕਰਦੇ।

ਪ੍ਰੋ. ਸਾਹਿਬ ਕਿਰਿਆਤਮਕ ਪੱਖ ਦੇ ਨਾਲ-ਨਾਲ ਸ਼ਾਸਤਰ ਦੇ ਵੀ ਧਨੀ ਸਨ ਤੇ ਹਰ ਪੱਖ ਨੂੰ ਤਰਕ ਦੀ ਕਸੌਟੀ ਤੋਂ ਵਿਚਾਰਦੇ। ਇਹੀ ਸੰਸਕਾਰ ਉਨ੍ਹਾਂ ਸਾਡੇ ਵਿਚ ਪੈਦਾ ਕੀਤੇ। ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ,

ਖੋਜ-ਪੱਤਰ ਪੜ੍ਹ ਕੇ ਸੰਗੀਤ ਪ੍ਰਤੀ ਉਨ੍ਹਾਂ ਦੀ ਗਹਿਰੀ ਲਗਨ ਤੇ ਚਿੰਤਨ ਨੂੰ ਵੇਖ ਕੇ ਸੰਗੀਤ ਦੇ ਸ਼ਾਸਤਰ ਪੱਖ ਵਿਚ ਮਜ਼ਬੂਤ ਹੋਣ ਦੀ ਪ੍ਰੇਰਣਾ ਮਿਲੀ। ਉਹ ਸਦਾ ਸ਼ਾਸਤਰ ਪੱਖ ਉੱਤੇ ਵੀ ਸਮਗਰੀ ਇਕੱਤਰ ਕਰਨ ਲਈ ਕਹਿੰਦੇ ਤੇ ਲਿਖਤ ਵਿਚ ਤਿਆਰ ਕਰਨ ਦੀ ਤਾਕੀਦ ਕਰਦੇ।

ਇਕ ਐਤਵਾਰ ਉਹ ਅਗਾਊਂ ਸੂਚਨਾ ਦਿੱਤੇ ਬਿਨ੍ਹਾਂ ਜਦੋਂ ਸਾਡੇ ਘਰ ਨਹੀ ਪਹੁੰਚੇ ਤਾਂ ਮੱਥਾ ਠਣਕਿਆ। ਉਦੋਂ ਸੰਚਾਰ ਦੇ ਸਾਧਨ ਐਨੇ ਉਪਲਬਧ ਨਹੀਂ ਸਨ। ਇੱਕ ਦੋ ਦਿਨ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਹੈ ਤੇ ਆਈ.ਸੀ. ਯੂ ਵਿਚ ਹਨ। ਬੀਮਾਰੀ ਨਾਲ ਜੂਝਦਿਆਂ ਆਖੀਰ 6 ਦਸੰਬਰ, 1988 ਨੂੰ ਉਹ ਪ੍ਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ। ਮੈਂ ਉਸ ਦਿਨ ਪਿਤਾ ਜੀ ਨਾਲ ਦਿੱਲੀ ਇੱਕ ਪ੍ਰੀਖਿਆ ਦੇਣ ਗਈ ਹੋਈ ਸੀ। ਦੇਰ ਸ਼ਾਮ ਵਾਪਿਸ ਆਏ ਤਾਂ ਪਹਿਲਾਂ ਅਲੰਕਾਰ ਤੇ ਮਾਂ ਨੇ ਦੱਸਿਆ ਨਹੀਂ। ਫੇਰ ਜਦੋਂ ਪਤਾ ਲੱਗਿਆ ਤਾਂ ਮੇਰਾ ਸਿਰ ਉਸ ਸਥਾਨ ’ਤੇ ਸਜਦਾ ਕਰਨੋਂ ਨਹੀਂ ਹਟਿਆ ਜਿੱਥੇ ਉਹ ਆ ਕੇ ਬੈਠਦੇ ਸਨ। ਜਿੰਨਾ ਮੈਂ ਉਦੋਂ ਰੋਈ, ਮੁੜ ਕੇ ਜ਼ਿੰਦਗੀ ਵਿਚ ਕਦੇ ਐਨਾਂ ਰੋਣਾ ਆਇਆ ਹੀ ਨਹੀਂ। ਸੰਗੀਤ ਦੇ ਖੇਤਰ ਵਿਚ ਮੈਂ ਅਨਾਥ ਹੋ ਗਈ ਸੀ।

ਅੱਜ ਜਦੋਂ ਪਿੱਛੇ ਮੁੜ ਕੇ ਜੀਵਨ ਯਾਤਰਾ ਉੱਤੇ ਝਾਤੀ ਮਾਰਦੀ ਹਾਂ ਤਾਂ ਪਾਉਂਦੀ ਹਾਂ ਕਿ ਜੀਵਨ ਵਿਚ ਹੁਣ ਤੱਕ ਜੋ ਵੀ ਹਾਸਿਲ ਕੀਤਾ ਉਸ ਵਿਚ ਕਿੰਨਾ ਵੱਡਾ ਯੋਗਦਾਨ ਪ੍ਰੋ. ਸਾਹਿਬ ਦਾ ਹੈ। ਨੌਕਰੀ ਲਈ ਜਿਸ ਥਾਂ ਤੇ ਜਿਸ ਪੜਾਅ ਲਈ ਇੰਟਰਵਿਊ ਦਿੱਤੀ ਪ੍ਰੋ. ਸਾਹਿਬ ਦੀ ਦਿੱਤੀ ਹੋਈ ਤਾਲੀਮ ਨੇ ਹਰ ਇਮਤਿਹਾਨ ਪਾਸ ਕਰਨ ਦੇ ਕਾਬਿਲ ਬਣਾਇਆ। ਸਦਾ ਇਸ ਗੁਰੂ-ਵਾਕ ਨੂੰ ਯਾਦ ਰੱਖਿਆ, “ਆਪਣੇ ਕੰਮ ਨੂੰ ਪੂਰੀ ਸਮਰੱਥਾ ਨਾਲ ਕਰੋ, ਐਨੀ ਮਿਹਨਤ ਕਰੋ, ਐਨਾ ਉੱਪਰ ਉੱਠ ਜਾਓ ਕਿ ਬਾਕੀ ਸਭ ਕੁਝ ਨਿਗੁਣਾ ਪ੍ਰਤੀਤ ਹੋਵੇ।” ਅੱਜ ਸੋਚਦੀ ਹਾਂ ਕਿ ਉਹ ਕੀ ਸਨ, ਇਕ ਗੁਰੂ, ਇਕ ਵਾਗਯੇਕਾਰ, ਰਚਨਾਕਾਰ, ਸ਼ਾਸਤਰਕਾਰ, ਚਿੰਤਕ, ਖੋਜੀ, ਸੰਸਥਾਪਕ, ਪ੍ਰਚਾਰਕ-ਸੰਗੀਤ ਲਈ ਉਨ੍ਹਾਂ ਹਰ ਰੂਪ ਵਿਚ ਹਰ ਖੇਤਰ ਵਿਚ ਸ਼ਿੱਦਤ ਨਾਲ ਸੇਵਾ ਨਿਭਾਈ। ਸੰਗੀਤ ਤੋਂ ਅੱਗੇ ਉਨ੍ਹਾਂ ਨੂੰ ਕੁਝ ਵਿਖਾਈ ਨਹੀਂ ਦਿੰਦਾ ਸੀ। ਉਨ੍ਹਾਂ ਦਾ ਸਾਰਾ ਸਮਾਂ, ਸਾਰਾ ਧਿਆਨ, ਸਿਰਫ਼ ਸੰਗੀਤ ਨੂੰ ਸਮਰਪਿਤ ਸੀ।


ਡਾ. ਨਿਵੇਦਿਤਾ ਸਿੰਘ
ਪ੍ਰੋਫ਼ੈਸਰ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪਰਕ: 98885-15059

# ਵਿਲੱਖਣ ਤੇ ਰੂਹਾਨੀ ਸ਼ਖ਼ਸੀਅਤ ਦੇ ਮਾਲਕ: ਬਾਬਾ ਬਲਜਿੰਦਰ ਸਿੰਘ ਜੀ

**ਡਾ. ਗੁਰਦੇਵ ਸਿੰਘ***



ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲੇ ਇੱਕ ਰੂਹਾਨੀ ਸ਼ਖਸੀਅਤ ਸਨ, ਜਿਨ੍ਹਾਂ ਨੇ ਆਪਣੀ ਨਿਮਰਤਾ, ਸਹਿਜ ਸੁਭਾਅ, ਮਿੱਠੀ ਵਾਣੀ ਅਤੇ ਗੁਰਮਤਿ ਪ੍ਰਤੀ ਅਟੁੱਟ ਸਮਰਪਣ ਨਾਲ ਸਿੱਖੀ ਸਿਦਕ ਦੀ ਮਿਸਾਲ ਕਾਇਮ ਕੀਤੀ। ਉਨ੍ਹਾਂ ਨੇ ਨਾ ਸਿਰਫ ਸੰਗਤ ਨੂੰ ਗੁਰੂ ਨਾਲ ਜੋੜਿਆ, ਸਗੋਂ ਅਧੁਨਿਕ ਤਕਨੀਕ ਦੀ ਵਰਤੋਂ ਕਰਕੇ ਸਿੱਖ ਗ੍ਰੰਥਾਂ ਤੇ ਇਤਿਹਾਸ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ। ਉਨ੍ਹਾਂ ਦੇ ਵਿਛੋੜੇ ਨੇ ਸਮੁੱਚੇ ਸਿੱਖ ਜਗਤ ਦੇ ਦਿਲਾਂ ਨੂੰ ਗ਼ਮਗੀਨ ਕੀਤਾ ਹੈ।

ਬਾਬਾ ਬਲਜਿੰਦਰ ਸਿੰਘ ਜੀ ਨਾਲ ਮੇਰਾ ਸੰਪਰਕ 2023 ਤੋਂ ਬਣਿਆ ਸੀ ਜਿਸ ਦੀ ਕੜੀ ਬਣੇ ਮੇਰੇ ਬਹੁਤ ਹੀ ਸਤਿਕਾਰਯੋਗ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਜੀ। ਬਾਬਾ ਜੀ ਨਾਲ ਮੈਂ ਇੱਕ ਪ੍ਰੋਜੈਕਟ ਨੂੰ ਲੈ ਕੇ ਜੁੜਿਆ ਸੀ ਜੋ ਕਿ ਗੁਰਮਤਿ ਸੰਗੀਤ ਨਾਲ ਸੰਬੰਧਤ ਸੀ। ਉਸ ਤੋਂ ਬਆਦ ਇੱਕ ਹੋਰ ਪ੍ਰੋਜੈਕਟ ਉਨ੍ਹਾਂ ਨਾਲ 2024 ਵਿੱਚ ਕੀਤਾ ਸੀ। ਉਸ ਤੋਂ ਬਾਅਦ ਮੈਂ ਨਿਰੰਤਰ ਉਨ੍ਹਾਂ ਦੇ ਸੰਪਰਕ ਵਿੱਚ ਸੀ। ਕਈ ਵਾਰ ਉਨ੍ਹਾਂ ਨੇ ਡਾ. ਸਾਹਿਬ ਨੂੰ ਇਹ ਵਿਸ਼ੇਸ਼ ਰੂਪ ਵਿੱਚ ਆਖਿਆ ਸੀ ਕਿ ਗੁਰਦੇਵ ਸਿੰਘ ਨੂੰ ਹੁਣ ਪੱਕਾ ਮੈਂ ਆਪਣੇ ਕੋਲ ਬੁਲਾਅ ਲੈਣਾ ਹੈ। ਆਖਰੀ ਵਾਰ (20 ਅਕਤੂਬਰ 2024) ਮੈਂ ਬਾਬਾ ਜੀ ਨੂੰ ਦਰਸ਼ਨੀ ਡਿਊਢੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮਿਲਿਆ ਸੀ ਜਿਥੇ ਉਨ੍ਹਾਂ ਨੇ ਮੈਨੂੰ ਆਪਣੀ ਗਲਵੱਕੜੀ ਵਿੱਚ ਲੈ ਕੇ ਆਖਿਆ ਸੀ, "ਮੈਨੂੰ ਮਿਲਣਾ ਅਸੀਂ ਗੱਲਬਾਤ ਕਰਾਂਗੇ" ਪਰ ਬਾਅਦ ਵਿੱਚ ਸਬੱਬ ਹੀ ਨਹੀਂ ਬਣਿਆ। ਖ਼ੈਰ ਬਾਬਾ ਜੀ ਨਾਲ ਚੱਲ ਰਹੇ ਖੋਜ ਕਾਰਜਾਂ ਦੌਰਾਨ ਪ੍ਰਤੀ ਦਿਨ ਘੰਟਿਆਂ ਬੱਧੀ ਟੈਲੀਫੋਨਿਕ ਗੱਲਬਾਤ ਹੁੰਦੀ ਸੀ, ਕਦੀ ਗਰੁੱਪ ਕਾਲ ਅਤੇ ਕਦੀ ਵਿਅਕਤੀਗਤ। ਜਦੋਂ ਵੀ ਮੈਂ ਉਨ੍ਹਾਂ ਨਾਲ ਗੱਲ ਕਰਦਾ ਸੀ ਤਾਂ ਮਹਿਸੂਸ ਹੀ ਨਹੀਂ ਸੀ ਹੁੰਦਾ ਕਿ ਉਹ ਐਡੀ ਵੱਡੀ ਸੰਸਥਾ ਦੇ ਮੁਖੀ ਸਨ। ਉਨ੍ਹਾਂ ਦਾ ਗੁਰਮਤਿ ਸੰਗੀਤ ਅਤੇ ਗੁਰਮਤਿ ਪ੍ਰਤੀ ਉਤਸ਼ਾਹ ਤੇ ਦ੍ਰਿੜਤਾ ਦੇਖ ਕੇ ਮੈਂ ਪ੍ਰਤੀ ਦਿਨ ਹੈਰਾਨ ਹੁੰਦਾ ਸੀ। ਸੰਤ ਅਜਿਹੇ ਵੀ ਹੁੰਦੇ ਹਨ? ਅਜਿਹੇ ਸਵਾਲ ਮੇਰੇ ਮਨ ਵਿੱਚ ਵਾਰ-ਵਾਰ ਆਉਂਦੇ ਸਨ। ਅਸਲ ਵਿੱਚ ਮੈਂ ਅਖੌਤੀ ਸੰਤਾਂ ਦੇ ਕੌਤਕਾਂ ਦੇ ਕਾਰਨ ਸੰਤ ਨਾਮ ਵਾਲੇ ਸਾਰੇ ਹੀ ਸੰਤਾਂ ਤੋਂ ਹਮੇਸ਼ਾਂ ਦੂਰੀ ਬਣਾ ਕੇ ਰੱਖੀ ਸੀ। ਜੇ ਕਿਤੇ ਸ਼ਰਧਾ ਨਾਲ ਸੰਤ ਸ਼ਬਦ ਲਾਇਆ ਵੀ ਤਾਂ ਉਹ ਕੇਵਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਲਈ।

ਬਾਬਾ ਬਲਜਿੰਦਰ ਸਿੰਘ ਜੀ ਪੜ੍ਹੇ ਲਿਖੇ, ਰੂਹਾਨੀ ਤੇ ਅਗਾਂਹ ਵਧੂ ਸੋਚ ਦੇ ਮਾਲਕ ਸਨ। ਉਨ੍ਹਾਂ ਦੇ ਜਾਣ ਨਾਲ ਜਿਥੇ ਉਨ੍ਹਾਂ ਦੀ ਸੰਪਰਦਾ ਨਾਲ ਜੁੜੀਆਂ ਸੰਗਤਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉਥੇ ਸਿੱਖ ਵਿਦਵਾਨਾਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਜਿਵੇਂ ਬਾਬਾ ਬਲਜਿੰਦਰ ਸਿੰਘ ਗੁਰਮਤਿ ਤੇ ਸਿੱਖੀ ਖੋਜ ਕਾਰਜਾਂ ਨੂੰ ਕਰਨ ਵਿੱਚ ਤਤਪਰ ਰਹਿੰਦੇ ਸਨ ਉਵੇਂ ਅਜਿਹੀਆਂ ਸ਼ਖ਼ਸੀਅਤਾਂ ਵਰਤਮਾਨ ਸਮੇਂ ਘੱਟ ਹੀ ਮਿਲਦੀਆਂ ਹਨ। ਬਾਬਾ ਬਲਜਿੰਦਰ ਸਿੰਘ ਅਜਿਹੀ ਮਹਾਨ ਸ਼ਖ਼ਸੀਅਤ ਸਨ ਜੋ ਤਨ, ਮਨ ਤੇ ਧਨ ਕਰਕੇ ਸਿੱਖੀ ਪ੍ਰਚਾਰ ਵਿੱਚ ਲੱਗੇ ਹੋਏ ਸਨ। ਇਸ ਗੱਲ ਦਾ ਘਾਟਾ ਬਹੁਤ ਪੈਣਾ ਹੈ। ਸੰਤ ਮਹਾਂਪੁਰਸ਼ਾਂ ਕੋਲ ਮਾਇਆ ਦੀ ਕਮੀ ਨਹੀਂ ਹੁੰਦੀ ਪਰ ਵਿਰਲੇ ਹੀ ਸੰਤ ਹੁੰਦੇ ਹਨ ਜੋ ਪੈਸੇ ਨੂੰ ਅਜਿਹੇ ਸਿੱਖੀ ਪ੍ਰੋਜੈਕਟਸ ਵੱਲ ਲਾਉਂਦੇ ਹਨ ਜਿਵੇਂ ਬਾਬਾ ਬਲਜਿੰਦਰ ਸਿੰਘ ਨੇ ਲਾਏ। ਅੱਜ ਜਦੋਂ ਉਹ ਇਸ ਸੰਸਾਰ ਤੋਂ ਸਰੀਰ ਕਰਕੇ ਰੁਖਸਤ ਹੋ ਚੁੱਕੇ ਹਨ ਤਾਂ ਉਨ੍ਹਾਂ ਦੇ ਬਾਰੇ ਹੋਰ ਜਾਣਨ ਦੀ ਤੀਬਰਤਾ ਵਧਣਾ ਵਿਅਕਤੀ ਮਨ ਦੀ ਆਮ ਪ੍ਰਕ੍ਰਿਆ ਹੈ।

ਬਾਬਾ ਬਲਜਿੰਦਰ ਸਿੰਘ ਜੀ ਦਾ ਜਨਮ 15 ਜੁਲਾਈ 1962 ਨੂੰ ਪੰਜਾਬ ਦੇ ਜਿਲ੍ਹਾ ਲੁਧਿਆਣਾ ਦੇ ਪਿੰਡ ਮਕਸੂਦੜਾ ਵਿਖੇ ਇੱਕ ਸਿੱਖ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਸ. ਉਜਾਗਰ ਸਿੰਘ ਅਤੇ ਮਾਤਾ ਗੁਰਦੇਵ ਕੌਰ ਨੇ ਬਚਪਨ ਤੋਂ ਹੀ ਉਨ੍ਹਾਂ ਦੇ ਮਨ ਵਿੱਚ ਸਿੱਖੀ ਦੇ ਸਿਧਾਂਤ ਅਤੇ ਗੁਰੂ ਘਰ ਪ੍ਰਤੀ ਸਤਿਕਾਰ ਦਾ ਬੀਜ ਬੀਜਿਆ।

ਬਚਪਨ ਵਿੱਚ ਹੀ ਉਹ ਮਾਪਿਆਂ ਨਾਲ ਗੁਰਦੁਆਰਾ ਕਰਮਸਰ ਰਾੜ੍ਹਾ ਸਾਹਿਬ ਜਾਇਆ ਕਰਦੇ ਸਨ, ਜਿੱਥੇ ਸੰਤ ਈਸ਼ਰ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ ਅਤੇ ਸੰਤ ਤੇਜਾ ਸਿੰਘ ਜੀ ਦੀ ਸੰਗਤ ਨੇ ਉਨ੍ਹਾਂ ਦੇ ਜੀਵਨ ਨੂੰ ਰੂਹਾਨੀ ਰੰਗ ਵਿੱਚ ਰੰਗਿਆ। ਇਹ ਸੰਗਤ ਉਨ੍ਹਾਂ ਦੇ ਜੀਵਨ ਦਾ ਇੱਕ ਅਹਿਮ ਮੋੜ ਸੀ, ਜਿਸ ਨੇ ਉਨ੍ਹਾਂ ਵਿੱਚ ਵੈਰਾਗ, ਸੇਵਾ ਅਤੇ ਗੁਰੂ ਭਗਤੀ ਦੀ ਜੋਤ ਜਗਾਈ।

ਬਾਬਾ ਬਲਜਿੰਦਰ ਸਿੰਘ ਅਧਿਅਤਮਕ ਸਿੱਖਿਆ ਦੇ ਨਾਲ-ਨਾਲ ਉਚ ਪੱਧਰੀ ਪੜ੍ਹਾਈ ਕੀਤੀ। ਆਪ ਜੀ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਵਿੱਚ ਹਾਸਲ ਕੀਤੀ ਅਤੇ ਦਸਵੀਂ ਜਮਾਤ ਘੁੜਾਣੀ ਕਲਾਂ (ਕਟਾਂਣੀ ਕਲਾ) ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀ। ਉਨ੍ਹਾਂ ਦੀ ਸਿੱਖੀ ਪ੍ਰਤੀ ਲਗਨ ਨੂੰ ਦੇਖਦਿਆਂ ਸੰਤ ਕਿਸ਼ਨ ਸਿੰਘ ਜੀ ਨੇ ਉਨ੍ਹਾਂ ਨੂੰ ਪਹਿਲਾਂ ਵਿਦਿਆ ਪੂਰੀ ਕਰਨ ਦੀ ਸਲਾਹ ਦਿੱਤੀ। ਇਸ ਅਨੁਸਾਰ, ਉਨ੍ਹਾਂ ਨੇ ਸਰਕਾਰੀ ਕਾਲਜ ਕਰਮਸਰ ਰਾੜਾ ਸਾਹਿਬ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ।ਉਪਰੰਤ ਸਰਕਾਰੀ ਕਾਲਜ ਲੁਧਿਆਣਾ ਤੋਂ ਇਕਨਾਮਿਕਸ ਵਿੱਚ ਐੱਮ. ਏ. ਦੀ ਪੜ੍ਹਾਈ ਕੀਤੀ। ਪਰ 1984 ਦੇ ਕਰੀਬ ਉਨ੍ਹਾਂ ਦਾ ਮਨ ਪੂਰੀ ਤਰ੍ਹਾਂ ਗੁਰੂ ਘਰ ਦੀ ਸੇਵਾ ਵਿੱਚ ਰਮ ਗਿਆ ਅਤੇ ਉਹ ਰਾੜਾ ਸਾਹਿਬ ਵਿੱਚ ਆ ਵੱਸੇ। ਇੱਥੇ ਉਨ੍ਹਾਂ ਨੇ ਗਿਆਨੀ ਮੋਹਣ ਸਿੰਘ ਜੀ ਆਜ਼ਾਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸਿੱਖੀ ਅਤੇ ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਅਤੇ ਹੋਰ ਸਿੱਖ ਇਤਿਹਾਸ ਦੇ ਗ੍ਰੰਥਾਂ ਦਾ ਗਹਿਰਾ ਅਧਿਐਨ ਕੀਤਾ। ਇਸ ਅਧਿਐਨ ਨੇ ਉਨ੍ਹਾਂ ਨੂੰ ਗੁਰਮਤਿ ਦੇ ਸਿਧਾਂਤਾਂ ਨਾਲ ਜੋੜਿਆ ਅਤੇ ਉਨ੍ਹਾਂ ਦੀ ਵਿਦਵਤਾ ਨੂੰ ਹੋਰ ਨਿਖਾਰਿਆ। 1986 ਵਿੱਚ ਉਹ ਜਥੇਦਾਰ ਸੰਤ ਬਾਬਾ ਮਹਿੰਦਰ ਸਿੰਘ ਜੀ ਨਾਲ ਲੰਡਨ ਗਏ, ਜਿੱਥੇ ਉਨ੍ਹਾਂ ਨੇ ਵਿਦੇਸ਼ੀ ਸੰਗਤ ਨੂੰ ਸਿੱਖੀ ਦੀਆਂ ਮਹਾਨਤਾਵਾਂ ਨਾਲ ਜੋੜਿਆ। 1987 ਵਿੱਚ ਸੰਤ ਮਹਿੰਦਰ ਸਿੰਘ ਜੀ ਦੀ ਅਸਮਰੱਥਾ ਕਾਰਨ ਬਾਬਾ ਜੀ ਨੂੰ ਹਜ਼ੂਰੀ ਕੀਰਤਨੀ ਜਥੇ ਦੀ ਸੇਵਾ ਸੌਂਪੀ ਗਈ। ਇਸ ਸੇਵਾ ਨੂੰ ਉਨ੍ਹਾਂ ਨੇ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਨਿਭਾਇਆ, ਜਿਸ ਨਾਲ ਉਹ ਸੰਗਤ ਵਿੱਚ ਇੱਕ ਪਿਆਰੇ ਅਤੇ ਸਤਿਕਾਰਤ ਪ੍ਰਚਾਰਕ ਵਜੋਂ ਜਾਣੇ ਜਾਣ ਲੱਗੇ।

18 ਸਤੰਬਰ 2014 ਨੂੰ ਸੰਤ ਬਾਬਾ ਤੇਜਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਾਬਾ ਬਲਜਿੰਦਰ ਸਿੰਘ ਜੀ ਨੂੰ ਰਾੜਾ ਸਾਹਿਬ ਸੰਪ੍ਰਦਾ ਦੀ ਸੇਵਾ ਸੌਂਪੀ ਗਈ। ਇਹ ਸੰਪ੍ਰਦਾ ਸੰਤ ਅੱਤਰ ਸਿੰਘ ਜੀ, ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਦੀ ਰੂਹਾਨੀ ਵਿਰਾਸਤ ਦਾ ਪ੍ਰਤੀਕ ਹੈ, ਜਿਸ ਨੂੰ ਬਾਬਾ ਜੀ ਨੇ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਅੱਗੇ ਵਧਾਇਆ। ਉਨ੍ਹਾਂ ਨੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਨੂੰ ਗੁਰਮਤਿ ਪ੍ਰਚਾਰ, ਕੀਰਤਨ ਅਤੇ ਅੰਮ੍ਰਿਤ ਸੰਚਾਰ ਦਾ ਮੁੱਖ ਕੇਂਦਰ ਬਣਾਇਆ। ਵਿਸ਼ਵ ਭਰ ਦੀਆਂ ਸੰਗਤਾਂ ਨੂੰ ਜੋੜਨ ਲਈ ਉਨ੍ਹਾਂ ਨੇ ਅਮਰੀਕਾ, ਕੈਨੇਡਾ, ਯੂਕੇ ਅਤੇ ਹੋਰ ਦੇਸ਼ਾਂ ਵਿੱਚ ਜਾ ਕੇ ਸਮਾਗਮ ਕਰਵਾਏ, ਜਿਨ੍ਹਾਂ ਵਿੱਚ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸਿੱਖੀ ਦਾ ਪ੍ਰਸਾਰ ਕੀਤਾ।

ਬਾਬਾ ਬਲਜਿੰਦਰ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਦੇ ਸਮਾਗਮਾਂ ਨੂੰ ਸੰਗਤ ਦੀ ਸਹੂਲਤ ਅਨੁਸਾਰ ਆਯੋਜਿਤ ਕੀਤਾ। ਉਨ੍ਹਾਂ ਦੀ ਸੇਵਾ ਕੇਵਲ ਧਾਰਮਿਕ ਪ੍ਰਚਾਰ ਤੱਕ ਸੀਮਤ ਨਹੀਂ ਸੀ, ਸਗੋਂ ਸਮਾਜ ਸੇਵਾ, ਸਿੱਖਿਆ ਅਤੇ ਸੰਗਤ ਦੀ ਭਲਾਈ ਲਈ ਵੀ ਉਨ੍ਹਾਂ ਨੇ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੀ ਅਗਵਾਈ ਵਿੱਚ ਰਾੜਾ ਸਾਹਿਬ ਸੰਪ੍ਰਦਾ ਨੇ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਅਤੇ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਸੰਤ ਬਾਬਾ ਬਲਜਿੰਦਰ ਸਿੰਘ ਜੀ ਦਾ ਸੁਭਾਅ ਗੁਰੂ ਨਾਨਕ ਸਾਹਿਬ ਦੀ ਸਿੱਖਿਆ' ਨੀਚਾ ਅੰਦਰਿ ਨੀਚ ਜਾਤਿ' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 15) ਦਾ ਸਾਕਾਰ ਰੂਪ ਸੀ। ਉਨ੍ਹਾਂ ਦੀ ਮਿੱਠੀ ਵਾਣੀ ਅਤੇ ਨਿਮਰਤਾ ਹਰ ਕਿਸੇ ਦੇ ਮਨ ਨੂੰ ਮੋਹ ਲੈਂਦੀ ਸੀ। ਉਹ ਕਦੇ ਵੀ ਆਪਣੀ ਵਿਦਵਤਾ ਦਾ ਹੰਕਾਰ ਨਹੀਂ ਸੀ ਕਰਦੇ, ਸਗੋਂ ਸੰਗਤ ਨਾਲ ਇੱਕ ਪਰਿਵਾਰਕ ਮੈਂਬਰ ਵਾਂਗ ਮਿਲਦੇ ਸਨ। ਮੁਲਾਕਾਤ ਕਰਨ ਵਾਲੇ ਹਰ ਵਿਅਕਤੀ ਨੂੰ ਲੱਗਦਾ ਸੀ ਜਿਵੇਂ ਉਹ ਬਹੁਤ ਸਮੇਂ ਤੋਂ ਬਾਬਾ ਜੀ ਨੂੰ ਜਾਣਦੇ ਹੋਣ। ਅਜੋਕੇ ਸਮੇਂ ਵਿੱਚ, ਜਿੱਥੇ ਅਖੌਤੀ ਸੰਤਾਂ ਨੇ ਸੰਤ ਸਮਾਜ ਦੀ ਸਾਖ ਨੂੰ ਠੇਸ ਪਹੁੰਚਾਈ ਹੈ, ਬਾਬਾ ਜੀ ਨੇ' ਸੰਤ' ਸ਼ਬਦ ਦੀ ਅਸਲ ਪਰਿਭਾਸ਼ਾ ਨੂੰ ਆਪਣੇ ਕਾਰਜਾਂ ਅਤੇ ਜੀਵਨ ਨਾਲ ਜੀਵੰਤ ਕੀਤਾ। ਵਿਦਿਆ ਪ੍ਰਤੀ ਉਨ੍ਹਾਂ ਦਾ ਅਥਾਹ ਪਿਆਰ ਅਤੇ ਸਿੱਖੀ ਪ੍ਰਚਾਰ ਲਈ ਅਟੁੱਟ ਸਮਰਪਣ ਹਰ ਸਿੱਖ ਲਈ ਇੱਕ ਪ੍ਰੇਰਨਾ ਹੈ।

ਬਾਬਾ ਬਲਜਿੰਦਰ ਸਿੰਘ ਜੀ ਦੀ ਸਿੱਖ ਕੌਮ ਨੂੰ ਸਭ ਤੋਂ ਵੱਡੀ ਅਤੇ ਵਿਲੱਖਣ ਦੇਣ ਹੈ ਈਸ਼ਰ ਮਾਈਕ੍ਰੋ ਮੀਡੀਔ—ਇੱਕ ਅਧੁਨਿਕ ਡਿਜੀਟਲ ਪਲੇਟਫਾਰਮ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ, ਵਾਰਾਂ, ਸਟੀਕਾਂ ਅਤੇ ਸਿੱਖ ਇਤਿਹਾਸ ਦੇ ਹੋਰ ਗ੍ਰੰਥਾਂ ਨੂੰ ਆੱਨਲਾਈਨ ਖੋਜਣ ਦੀ ਸਹੂਲਤ ਪ੍ਰਦਾਨ ਕਰਦਾ ਹੈ। ਸੰਤ ਈਸ਼ਰ ਸਿੰਘ ਜੀ ਦੀ ਯਾਦ ਵਿੱਚ ਵਿਕਸਿਤ ਇਸ ਐਪ ਅਤੇ ਵੈੱਬਸਾਈਟ (www.rarasahib.com) ਨੂੰ ਬਾਬਾ ਜੀ ਨੇ 20 ਸਾਲਾਂ ਤੋਂ ਵੱਧ ਦੀ ਮਿਹਨਤ, ਸਮਰਪਣ ਅਤੇ ਤਕਨੀਕੀ ਸੂਝ ਨਾਲ ਤਿਆਰ ਕੀਤਾ। ਇਸ ਪਲੇਟਫਾਰਮ ਨੇ ਸਿੱਖ ਵਿਦਵਾਨਾਂ, ਖੋਜਾਰਥੀਆਂ ਅਤੇ ਨੌਜਵਾਨ ਪੀੜ੍ਹੀ ਲਈ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਸੁਲੱਭ ਬਣਾਇਆ। ਇਸ ਵਿੱਚ ਗੁਰਬਾਣੀ ਦੀਆਂ ਤੁਕਾਂ, ਸ਼ਬਦਾਂ ਦੇ ਅਰਥ ਅਤੇ ਸੰਬੰਧਿਤ ਇਤਿਹਾਸਕ ਸੰਦਰਭਾਂ ਨੂੰ ਖੋਜਣ ਦੀ ਸਹੂਲਤ ਹੈ, ਜੋ ਸਿੱਖੀ ਦੇ ਪ੍ਰਚਾਰ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ। ਇਸ ਐਪ ਨੂੰ ਪੰਜਾਬ ਦੀਆਂ ਕਈ ਯੂਨੀਵਰਸਿਟੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਵਿਸ਼ਵ ਭਰ ਦੇ ਸਿੱਖ ਸੰਗਠਨਾਂ ਨੇ ਮਾਨਤਾ ਦਿੱਤੀ ਹੈ। ਇਹ ਨੌਜਵਾਨਾਂ ਨੂੰ ਗੁਰਬਾਣੀ ਨਾਲ ਜੋੜਨ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਸਮਝਣ ਵਿੱਚ ਮਦਦਗਾਰ ਸਾਬਤ ਹੋ ਰਿਹਾ ਹੈ। ਬਾਬਾ ਬਲਜਿੰਦਰ ਸਿੰਘ ਜੀ ਦੀ ਅਧੁਨਿਕ ਸੋਚ ਅਤੇ ਤਕਨੀਕ ਦੀ ਸਮਝ ਨੇ ਸਿੱਖੀ ਨੂੰ 21ਵੀਂ ਸਦੀ ਦੇ ਸੰਦਰਭ ਵਿੱਚ ਨਵਾਂ ਰੂਪ ਦਿੱਤਾ। ਈਸ਼ਰ ਮਾਈਕ੍ਰੋ ਮੀਡੀਆ ਨੂੰ ਤਿਆਰ ਕਰਨ ਲਈ ਉਨ੍ਹਾਂ ਨੇ ਨਾ ਸਿਰਫ ਆਪਣੀ ਵਿਦਵਤਾ ਦੀ ਵਰਤੋਂ ਕੀਤੀ, ਸਗੋਂ ਸੰਗਤ ਦੇ ਸਹਿਯੋਗ ਅਤੇ ਤਕਨੀਕੀ ਮਾਹਿਰਾਂ ਨਾਲ ਮਿਲ ਕੇ ਇਸ ਨੂੰ ਵਿਸ਼ਵ ਪੱਧਰ ਤੇ ਪਹੁੰਚਾਇਆ। ਇਹ ਪ੍ਰੋਜੈਕਟ ਉਨ੍ਹਾਂ ਦੀ ਦੂਰਦਰਸ਼ਤਾ ਅਤੇ ਸਿੱਖੀ ਪ੍ਰਤੀ ਅਟੁੱਟ ਸਮਰਪਣ ਦਾ ਪ੍ਰਤੀਕ ਹੈ।

ਵੱਡੇ ਸੰਤ ਬਾਬਾ ਈਸ਼ਰ ਸਿੰਘ ਜੀ ਦੀ ਬਰਸੀ ਦੇ ਸਮਾਗਮ (24, 25, 26 ਅਗਸਤ 2025) ਦੇ ਸਾਰੇ ਪ੍ਰਬੰਧ ਬਾਬਾ ਬਲਜਿੰਦਰ ਸਿੰਘ ਨੇ ਆਪਣੀ ਨਿਗਰਾਨੀ ਵਿੱਚ ਕਰਵਾਏ। 24 ਅਗਸਤ ਵਾਲੇ ਸਮਾਗਮ ਦੀ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਵਿੱਚ ਆਖਰੀ ਹਾਜ਼ਰੀ ਭਰੀ, ਗੁਰਬਾਣੀ ਕੀਰਤਨ ਕੀਤਾ ਅਤੇ ਸੰਗਤ ਨੂੰ ਗੁਰੂ ਦੀਆਂ ਸਿੱਖਿਆਵਾਂ ਨਾਲ ਜੋੜਿਆ। ਬਾਬਾ ਜੀ ਨੇ ਬਹੁਤ ਹੀ ਪਿਆਰ ਤੇ ਵੈਰਾਗ ਵਿੱਚ ਲੱਗਭਗ ਡੇਢ ਘੰਟਾ ਕੀਰਤਨ ਦੀ ਹਾਜ਼ਰੀ ਭਰੀ। ਉਨ੍ਹਾਂ ਦੇ ਆਖਰੀ ਦੀਵਾਨ ਦੇ ਸ਼ਬਦਾਂ ਦੀ ਚੋਣ ਤੇ ਕੀਰਤਨ ਧਾਰਨਾਵਾਂ ਸੁਣ ਕੇ ਅਜਿਹਾ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਉਨ੍ਹਾਂ ਨੂੰ ਆਪਣੇ ਸੰਸਾਰ ਤੋਂ ਜਾਣ ਦੀ ਜਾਣਕਾਰੀ ਹੋ ਚੁੱਕੀ ਸੀ ਤੇ ਉਹ ਸੰਗਤਾਂ ਨੂੰ ਜਿਵੇਂ ਪਹਿਲਾਂ ਹੀ ਇਸ ਦੇ ਲਈ ਤਿਆਰ ਕਰ ਰਹੇ ਹੋਣ।

ਬਾਬਾ ਬਲਜਿੰਦਰ ਸਿੰਘ ਜੀ ਦੀ ਨਜਦੀਕੀਆਂ ਅਨੁਸਾਰ ਦੀਵਾਨ ਤੋਂ ਬਾਅਦ ਬਾਬਾ ਜੀ ਅਗਲੇ ਦਿਨ ਦੇ ਪ੍ਰੋਗਰਾਮਾਂ ਦਾ ਜਾਇਜਾ ਲੈ ਕੇ ਕਮਰੇ ਵਿੱਚ ਚਲੇ ਗਏ। ਕੁਝ ਸਮੇਂ ਬਾਅਦ ਬਾਬਾ ਜੀ ਨਿੱਜੀ ਸੇਵਾਦਾਰਾਂ ਨੂੰ ਬੁਲਾਇਆ ਤੇ ਸਰੀਰ ਦੇ ਢਿੱਲ ਮਿੱਠ ਹੋਣ ਦੀ ਗੱਲ ਦਸੀ ਅਤੇ ਗੱਡੀ ਕੱਢਣ ਲਈ ਕਿਹਾ। ਜਦੋਂ ਸੇਵਾਦਾਰਾਂ ਨੇ ਕਿਹਾ ਬਾਬਾ ਜੀ ਕਿਥੇ ਚਲੀਏ ਤਾਂ ਬਾਬਾ ਜੀ ਨੇ ਆਖਿਆ ਕਿ ਜਿਥੇ ਮਰਜੀ ਲੈ ਚੱਲ, ਬਾਬਾ ਜੀ ਆਪਣੀ ਕਾਰ ਦੀ ਸੀਟ ਤੇ ਬੈਠ ਕੇ ਵਾਹਿਗੁਰੂ ਵਾਹਿਗੁਰੂ ਜੱਪਣ ਲੱਗੇ ... ਨਾਲ ਬੈਠੇ ਸੇਵਾਦਾਰਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਬਾਬਾ ਜੀ ਕਦੋਂ ਸਰੀਰ ਛੱਡ ਗਏ। ਉਨ੍ਹਾਂ ਨੂੰ ਉਦੋਂ ਅਹਿਸਾਸ ਹੋਇਆ ਜਦੋਂ ਵਾਹਿਗੁਰੂ ਵਾਹਿਗੁਰੂ... ਦੀ ਧੁਨੀ ਬੰਦ ਹੋ ਗਈ। ਉਨ੍ਹਾਂ ਦਾ ਇਹ ਅਚਾਨਕ ਵਿਛੋੜਾ ਸਮੁੱਚੇ ਸਿੱਖ ਪੰਥ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਬਾਬਾ ਬਲਜਿੰਦਰ ਸਿੰਘ ਜੀ ਦਾ ਜੀਵਨ ਸਿੱਖੀ ਸੇਵਾ ਦਾ ਇੱਕ ਪ੍ਰਕਾਸ਼ਿਤ ਅਧਿਆਇ ਹੈ। ਉਨ੍ਹਾਂ ਨੇ ਨਾ ਕੇਵਲ ਧਾਰਮਿਕ ਪ੍ਰਚਾਰ ਕੀਤਾ, ਸਗੋਂ ਅਧੁਨਿਕ ਤਕਨੀਕ ਦੀ ਵਰਤੋਂ ਕਰਕੇ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਵੀ ਜੋੜਿਆ। ਈਸ਼ਰ ਮਾਈਕ੍ਰੋ ਮੀਡੀਆ ਵਰਗੇ ਪ੍ਰੋਜੈਕਟ ਅਤੇ ਰਾੜਾ ਸਾਹਿਬ ਸੰਪਰਦਾ ਦੀ ਸੇਵਾ ਉਨ੍ਹਾਂ ਦੀ ਦੂਰਦਰਸ਼ਤਾ ਅਤੇ ਸਮਰਪਣ ਦੀਆਂ ਜੀਵੰਤ ਮਿਸਾਲਾਂ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਕਾਰਜ ਸਾਨੂੰ ਸਦਾ ਇਹ ਸੁਨੇਹਾ ਦਿੰਦੇ ਰਹਿਣਗੇ ਕਿ ਸੱਚੀ ਸੇਵਾ ਅਤੇ ਨਿਮਰਤਾ ਹੀ ਸਿੱਖੀ ਦਾ ਅਸਲ ਰੂਪ ਹਨ। ਅਰਦਾਸ ਹੈ ਕਿ ਵਾਹਿਗੁਰੂ ਬਾਬਾ ਬਲਜਿੰਦਰ ਸਿੰਘ ਜੀ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ੇ। ਉਨ੍ਹਾਂ ਦੀ ਯਾਦ ਸਾਡੇ ਮਨਾਂ ਵਿੱਚ ਸਦਾ ਜੀਵੰਤ ਰਹੇਗੀ।

* ਜਨਰਲ ਸਕੱਤਰ, ਗੁਰਮਤਿ ਸੰਗੀਤ ਫਾਊਂਡੇਸ਼ਨ (ਰਜਿ.), ਪਟਿਆਲਾ

# ਅਮਰੀਕਨ ਸਿੱਖ ਬੱਚੇ ਅਰਜਨਵੀਰ ਸਿੰਘ ਵਲੋਂ ੩੧ ਰਾਗ ਗਾਉਣ ਦਾ ਕ੍ਰਿਸ਼ਮਾ

ਡਾ. ਗੁਰਨਾਮ ਸਿੰਘ*




ਗੁਰਮਤਿ ਸੰਗੀਤ ਦੇ ਖੇਤਰ ਵਿੱਚ ਨਿਰੰਤਰ ਗਤੀਸ਼ੀਲ ਕਈ ਸ਼ਖਸੀਅਤਾਂ ਅਤੇ ਸੰਸਥਾਵਾਂ ਮੁਬਾਰਕ ਦੀਆਂ ਹੱਕਦਾਰ ਹਨ ਜੋ ਗੁਰਮਤਿ ਸੰਗੀਤ ਦੀ ਸੇਵਾ ਨਿਰੰਤਰ ਜਾਰੀ ਰੱਖ ਰਹੀਆਂ ਹਨ। ਆਉਂਣ ਵਾਲੀ ਪੀੜੀ ਨੂੰ ਰਾਗਾਤਮਕ ਕੀਰਤਨ ਨਾਲ ਜੋੜਨ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ। ਅਜਿਹੇ ਉਪਰਾਲਿਆਂ ਵਿਚੋਂ ਪਿਛਲੇ ਦਿਨੀਂ ਇੱਕ ਵੱਡਾ ਉਪਰਾਲਾ ਬਾਬਾ ਬਲਜਿੰਦਰ ਸਿੰਘ ਜੀ ਮੁਖੀ, ਰਾੜ੍ਹਾ ਸਾਹਿਬ ਵੱਲੋਂ ਕੀਤਾ ਗਿਆ ਉਹਨਾਂ ਦੀ ਨਜ਼ਰ ਵਿੱਚ ਐਲਬਨੀ ਨਿਊਯਾਰਕ ਦਾ ਇੱਕ ਹੋਣਹਾਰ ਬੱਚਾ ਅਰਜਨਵੀਰ ਸਿੰਘ ਆਇਆ ਜਿਸ ਨੂੰ ਬਾਣੀ ਤੇ ਕੀਰਤਨ ਦੀ ਰੱਬੀ ਦਾਤ ਪ੍ਰਾਪਤ ਸੀ। ਉਹਨਾਂ ਨੇ ਪਰਿਵਾਰ ਨੂੰ ਉਤਸ਼ਾਹਿਤ ਕੀਤਾ ਕਿ ਇਸ ਨੂੰ ਕਿਸੇ ਅੱਛੇ ਉਸਤਾਦ ਸੰਗੀਤਕਾਰ ਕੋਲ ਕੀਰਤਨ ਸਿੱਖਣ ਲਈ ਲਗਾਇਆ ਜਾਵੇ ਤਾਂ ਜੋ ਇਸ ਦੇ ਸੰਗੀਤ ਦਾ ਹੋਰ ਵਿਕਾਸ ਹੋ ਸਕੇ। ਕਾਫੀ ਖੋਜ ਭਾਲ ਉਪਰੰਤ ਪਰਿਵਾਰ ਨੇ ਮੇਰੇ (ਡਾ. ਗੁਰਨਾਮ ਸਿੰਘ) ਨਾਲ ਸੰਪਰਕ ਕੀਤਾ ਕਿਉਂ ਜੋ ਮੈਂ ਨਿੱਕੇ ਬੱਚਿਆਂ ਨੂੰ ਪਹਿਲਾਂ ਨਹੀਂ ਸੀ ਸਿਖਾ ਰਿਹਾ ਸੀ ਇਸ ਲਈ ਮਨ ਵਿੱਚ ਕੁਝ ਝਿਜਕ ਸੀ ਕਿ ਮੈਂ ਇਸ ਬੱਚੇ ਨੂੰ ਆਨਲਾਈਨ ਕਿਵੇਂ ਸਿਖਾਵਾਂਗਾ ਪਰ ਅਰਜਨਵੀਰ ਸਿੰਘ ਦੀ ਸੁਰੀਲੀ ਆਵਾਜ਼ ਅਤੇ ਜਲਦ ਸੰਗੀਤ ਸਿੱਖਣ ਦੀ ਰੁਚੀ ਨੇ ਮੈਨੂੰ ਪ੍ਰਭਾਵਿਤ ਕੀਤਾ। ਅਰਜਨਵੀਰ ਸਿੰਘ ਨੂੰ ਮੈਂ ਅਖੀਰ ਆਪਣਾ ਸ਼ਾਗਿਰਦ ਬਣਾਉਣਾ ਪ੍ਰਵਾਨ ਕਰ ਲਿਆ। ਕੁਝ-ਕੁ ਸਮੇਂ ਦੀ ਸਿਖਲਾਈ ਉਪਰੰਤ ਮੇਰਾ ਵਿਸ਼ਵਾਸ ਬਣ ਗਿਆ ਕਿ ਇਹ ਬਾਲ ਉਮਰ ਵਾਲਾ ਸਿਖਿਆਰਥੀ ਸੰਗੀਤ ਵਿੱਚ ਨਵੀਆਂ ਪੈੜਾਂ ਪਾਏਗਾ। ਕਾਫੀ ਮਿਹਨਤ, ਲਗਨ ਤੇ ਸਿਰੜ ਨਾਲ ਦੋ ਕੁ ਸਾਲਾਂ ਦੇ ਸਮੇਂ ਵਿੱਚ ਅਰਜਨਵੀਰ ਸਿੰਘ ਨੂੰ 31 ਰਾਗਾਂ ਵਿੱਚ ਸ਼ਬਦ ਕੀਰਤਨ ਰਚਨਾਵਾਂ ਸਿਖਾਉਣ ਵਿੱਚ ਕਾਮਯਾਬ ਹੋ ਸਕੇ। ਬਾਬਾ ਬਾਬਾ ਬਲਜਿੰਦਰ ਸਿੰਘ ਜੀ ਤੇ ਪਰਿਵਾਰ ਨੇ ਮੇਰੀ ਬੇਨਤੀ ਉੱਤੇ ਇਸ ਸੁਰੀਲੀ ਨੰਨੀ ਮੁੰਨੀ ਆਵਾਜ਼ ਵਿੱਚ ਸੰਪੂਰਣ ੩੧ ਰਾਗਾਂ ਵਿੱਚ ਰਿਕਾਰਡਿੰਗ ਕਰਨ ਦਾ ਮਨ ਬਣਾਇਆ ਤਾਂ ਜੋ ਇਸ ਸਿਖਿਆਰਥੀ ਦੇ ਇਸ ਉਦਮ ਨਾਲ ਹੋਰ ਬੱਚੇ ਪ੍ਰੇਰਨਾ ਲੈ ਸਕਣ। ਉਪਰੰਤ ਇਹਨਾਂ ਸਾਰੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਡਾ. ਮਨਪ੍ਰੀਤ ਸਿੰਘ ਨਿਊਜਰਸੀ ਦੇ ਨਿਜੀ ਸਟੂਡੀਓ ਵਿੱਚ ਅਰਜਨਵੀਰ ਸਿੰਘ ਅਤੇ ਉਸ ਦੇ ਦਾਦੀ ਜੀ ਨੇ ਜਾ-ਜਾ ਕੇ ਕਈ ਮਹੀਨਿਆਂ ਵਿੱਚ ਰਿਕਾਰਡ ਕਰਵਾਇਆ। ਇਹ ਦਸਣਾ ਉਚਿਤ ਹੋਵੇਗਾ ਕਿ ਅਰਜਨਵੀਰ ਸਿੰਘ ਨੇ ਤਲਵੰਡੀ ਸਾਬੋ ਦੀ ਪਾਵਨ ਧਰਤੀ ਉੱਤੇ ਅੰਮ੍ਰਿਤਪਾਨ ਵੀ ਕੀਤਾ ਹੈ ਜੋ ਆਪਣੇ ਆਪ ਦੇ ਵਿੱਚ ਇੱਕ ਸਲਾਘਾਯੋਗ ਕਾਰਜ ਹੈ। ਫੇਰ ਇੰਡੀਆ ਤੋਂ ਡਾ. ਮਨਪ੍ਰੀਤ ਸਿੰਘ ਅਤੇ ਸ. ਸੰਦੀਪ ਸਿੰਘ ਦਿਲਰੁਬਾ ਵਾਦਕ ਜਲੰਧਰ ਨੇ ਇਸ ਦਾ ਸੰਗੀਤਕ ਸੰਯੋਜਨ ਕੀਤਾ। ਇਸ ਆਡੀਓ ਪ੍ਰੋਜੈਕਟ ਵਿੱਚ ਸ. ਸੰਦੀਪ ਸਿੰਘ ਤੋਂ ਇਲਾਵਾ ਭਾਈ ਰਵਿੰਦਰ ਸਿੰਘ ਰਿੰਕੂ ਨੇ ਰਬਾਬ ਵਾਦਨ ਅਤੇ ਸੁਰਜੀਤ ਸਿੰਘ ਨੇ ਤਬਲਾ ਵਾਦਨ ਕੀਤਾ ਅਤੇ ਆਡਿਓ ਮਿਕਸ ਐਂਡ ਮਾਸਟਰ ਦਾ ਅਮਰਜੀਤ ਸਿੰਘ ਨੇ ਕੀਤਾ।

ਰਿਕਾਰਡਿੰਗ ਦੀ ਸੰਪੂਰਨਤਾ ਦੇ ਆਖਰੀ ਸਮੇਂ ਦੌਰਾਨ ਹੀ ਇਹ ਵੀ ਫੈਸਲਾ ਕੀਤਾ ਗਿਆ ਕਿ ਇਹਨਾਂ 31 ਰਾਗਾਂ ਦੀ ਵੀਡੀਓ ਰਿਕਾਰਡਿੰਗ ਕਰਕੇ ਹਰ ਹਫਤੇ ਇੱਕ ਰਾਗ ਯੂਟਿਊਬ ਉੱਤੇ ਪਾਇਆ ਜਾਵੇ ਤਾਂ ਜੋ ਸਾਰੀ ਸੰਗਤ ਤੇ ਸਿਖਿਆਰਥੀ ਇਸ ਨੂੰ ਸੁਣ ਸਕਣ ਔਰ ਮਾਣ ਸਕਣ। ਸ੍ਰੀ ਰਾਮ ਪ੍ਰੋਡਕਸ਼ਨ ਵੱਲੋਂ ਗੌਰਵ ਜੀ ਨੇ ਬੜੇ ਪਿਆਰ ਨਾਲ ਰਾੜ੍ਹਾ ਸਾਹਿਬ ਦੀ ਪਾਵਨ ਧਰਤ ਉੱਤੇ ਕੁਝ ਦਿਨਾਂ ਵਿੱਚ ਵੀਡੀਓ ਰਿਕਾਰਡਿੰਗ ਪੂਰੀ ਕੀਤੀ। ਇਸ ਦੇ ਨਾਲ ਇਸ ਪ੍ਰਾਜੈਕਟ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਪੁਸਤਕ ਰੂਪ ਵਿੱਚ ਇਨ੍ਹਾਂ ਸਤਰਾਂ ਦੇ ਲੇਖਕ (ਡਾ. ਗੁਰਨਾਮ ਸਿੰਘ) ਵਲੋਂ ਸੁਰਲਿਪੀਬੱਧ ਕੀਤਾ ਗਿਆ। ਇਸ ਵਿੱਚ ਅੰਗਰੇਜ਼ੀ ਪੰਜਾਬੀ ਵਿੱਚ ਸ਼ਬਦਾਂ ਤੋਂ ਇਲਾਵਾ

ਸੰਗੀਤ ਰਚਨਾ ਵੀ ਨੋਟੇਸ਼ਨ ਰੂਪ ਵਿੱਚ ਸੁਰਲਿਪੀਬੱਧ ਪ੍ਰਸਤੁਤ ਕੀਤੀ ਗਈ ਹੈ। ਡਾ. ਅੰਮ੍ਰਿਤਪਾਲ ਕੌਰ ਜੀ, ਡਾ. ਗੁਰਦੇਵ ਸਿੰਘ, ਕਨਿਕਾ, ਅਜੀਤ ਜੁਝਾਰ ਸਿੰਘ ਕਲਸੀ ਤੇ ਮਨਜੀਤ ਸਿੰਘ ਲੋਟੇ ਨੇ ਇਸ ਕਾਰਜ ਨੂੰ ਪ੍ਰਕਾਸ਼ਨ ਯੋਗ ਬਨਾਉਣ ਵਿੱਚ ਬਹੁਤ ਸਹਿਯੋਗ ਦਿੱਤਾ। ਕਰਮਸਰ ਇੰਕ. ਐਲਬਨੀ (ਨਿਉਯਾੱਰਕ ਅਮਰੀਕਾ) ਵੱਲੋਂ ਇਸ ਦੀ ਖੂਬਸੂਰਤ ਪ੍ਰਕਾਸ਼ਨਾ ਵੀ ਕੀਤੀ ਗਈ।

ੋਗੁਰ ਸ਼ਬਦ ਰਾਗ ਰਤਨੋ ਆਡੀਓ-ਵੀਡਿਓ ਅਤੇ ਪੁਸਤਕ ਪ੍ਰੋਜੈਕਟ ਨੂੰ ਸੰਪੂਰਨ ਕਰਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ 24 ਫਰਵਰੀ ਨੂੰ ਭੇਟ ਕਰਨ ਦਾ ਸਮਾਂ ਮਿਥਿਆ ਗਿਆ। ਇਸ ਕਾਰਜ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਬੇਨਤੀ ਕੀਤੀ ਗਈ ਕਿ ਉਹ ਵੀ ਇਸ ਉਚੇਚੇ ਇਤਿਹਾਸਿਕ ਸਮੇਂ ਉੱਤੇ ਜ਼ਰੂਰ ਆਉਣ ਤਾਂ ਜੋ ਇਸ 12 ਸਾਲਾਂ ਦੇ ਵਿਦਿਆਰਥੀ ਦੀ ਇਸ ਖੇਤਰ ਵਿੱਚ ਪ੍ਰਾਪਤੀ ਨੂੰ ਸਾਰੀ ਦੁਨੀਆਂ ਸਾਹਮਣੇ ਰੱਖਿਆ ਜਾ ਸਕੇ। ਮਕਸਦ ਕੇਵਲ ਇਹੀ ਕਿ ਹੋਰ ਬੱਚੇ ਇਸ ਤੋਂ ਪ੍ਰੇਰਨਾ ਗ੍ਰਹਿਣ ਕਰ ਸਕਣ। 24 ਫਰਵਰੀ 2024 ਨੂੰ ਸੁਚਿੱਤਰ ਤੇ ਖੂਬਸੂਰਤ ਪ੍ਰਕਾਸ਼ਨਾ ਅਤੇ ਅਰਜਨਵੀਰ ਸਿੰਘ ਦੀ ਵੀਡੀਓ ਐਲਬਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਰਿਲੀਜ਼ ਕੀਤਾ ਗਿਆ। ਅਰਜਨਵੀਰ ਸਿੰਘ ਸਭ ਦੇ ਸਨਮੁਖ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਰਬਾਬ ਨਾਲ ਸ਼ਬਦ ਕੀਰਤਨ ਕੀਤਾ ਅਤੇ ਪਰੰਪਰਾ ਅਨੁਸਾਰ ਬਸੰਤ ਕੀ ਵਾਰ ਦਾ ਗਾਇਨ ਵੀ ਕੀਤਾ। ਇਸ ਅਵਸਰ ਉੱਤੇ ਬੋਲਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿ. ਰਘਬੀਰ ਸਿੰਘ ਜੀ ਨੇ ਜਿਥੇ ਅਰਜਨਵੀਰ ਸਿੰਘ ਦੇ ਕਾਰਜ ਪ੍ਰਤੀ ਖੁਸ਼ੀ ਜਾਹਰ ਕੀਤੀ ਉਥੇ ਵਿਸ਼ੇਸ਼ ਸਨਮਾਨ ਚਿੰਨ੍ਹ ਵੀ ਦਿੱਤਾ। ਜਥੇਦਾਰ ਸਾਹਿਬ ਨੇ ਅਰਜਨਵੀਰ ਸਿੰਘ ਨੂੰ ਖਾਲਸੋ ਦਾ ਖਿਤਾਬ ਦਿੰਦਿਆਂ ਅਰਜਨਵੀਰ ਸਿੰਘ ਖਾਲਸੋ ਨਾਮਕਰਣ ਵੀ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਅਰਜਨਵੀਰ ਸਿੰਘ ਨੂੰ ਭੁਝੰਗੀ ਤੋਂ ਗਿਆਨਵਾਨ ਗਿਆਨੀ ਆਖ ਕੇ ਵਧਾਈ ਦਿੱਤੀ। ਇਸ ਦੇ ਨਾਲ ਪ੍ਰਧਾਨ ਸਾਹਿਬ ਨੇ ਵਿਸ਼ੇਸ਼ ਤੌਰ ੋਤੇ ਅਰਜਨਵੀਰ ਸਿੰਘ ਦੇ ਉਸਤਾਦ ਡਾ. ਗੁਰਨਾਮ ਸਿੰਘ ਅਤੇ ਬਾਬਾ ਬਲਜਿੰਦਰ ਸਿੰਘ ਰਾੜ੍ਹਾ ਸਾਹਿਬ ਵਾਲਿਆਂ ਦੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਕੌਮ ਦੀ ਸੇਵਾ ਕਰਨ ਲਈ ਧੰਨਵਾਦ ਕੀਤਾ।

ਬਾਬਾ ਬਲਜਿੰਦਰ ਸਿੰਘ ਜੀ ਰਾੜ੍ਹਾ ਸਾਹਿਬ ਵਾਲਿਆਂ ਨੇ ਇਸ ਇਤਿਹਾਸਕ ਅਵਸਰ 'ਤੇ ਬੋਲਦਿਆਂ ਜਿਥੇ ਗੁਰਸਿੱਖ ਬੱਚੇ ਅਰਜਨਵੀਰ ਸਿੰਘ ਦੇ 04 ਤੋਂ 12 ਸਾਲ ਤਕ ਦੇ ਅਚਸਰਜ ਸੰਗੀਤਕ ਸਫ਼ਰ ਦਾ ਜ਼ਿਕਰ ਕੀਤਾ ਉਥੇ ਇਸ ਸਾਰੇ ਪ੍ਰੋਜੈਕਟ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਇਹ ਵੀ ਐਲਾਨ ਕੀਤਾ ਗਿਆ ਕਿ ਇਸ ਪੁਸਤਕ ਨੂੰ ਚਾਹਵਾਨਾਂ ਤਕ ਪਹੁੰਚਾਇਆ ਜਾਵੇਗਾ ਅਗਰ ਕੋਈ ਇਸ ਪੁਸਤਕ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਹ ਕਰਮਸਰ ਇੰਕ ਜਾਂ ਰਾੜ੍ਹਾ ਸਾਹਿਬ ਦੇ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ। ਇਸੇ ਤਰ੍ਹਾਂ ਹੀ ਅਗਰ ਹੋਰ ਵੀ ਵਿਦਿਆਰਥੀ 31 ਰਾਗਾਂ ਦੀ ਸਿਖਲਾਈ ਪ੍ਰਾਪਤ ਕਰਕੇ ਰਿਕਾਰਡਿੰਗ ਕਰਵਾਉਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਵੀ ਇਸ ਖੇਤਰ ਵਿੱਚ ਉਤਸ਼ਾਹਿਤ ਕੀਤਾ ਜਾਏਗਾ ਅਤੇ ਭਵਿੱਖ ਵਿੱਚ ਇਹਨਾਂ ਵਿਦਿਆਰਥੀਆਂ ਦੇ ਵੱਖ-ਵੱਖ ਸਮਾਗਮ ਕਰਵਾ ਕੇ ਉਹਨਾਂ ਨੂੰ ਹੋਰ ਉੱਤਮ ਕੀਰਤਨ ਕਰਨ ਦੇ ਲਈ ਅਤੇ ਗੁਰਮਤਿ ਸੰਗੀਤ ਕਲਾ ਵਿੱਚ ਪ੍ਰਵੀਣ ਬਣਾਉਣ ਦੇ ਲਈ ਉਪਰਾਲੇ ਕੀਤੇ ਜਾਣਗੇ।

ਨਿਰਸੰਦੇਹ ਆਉਂਣ ਵਾਲੀਆਂ ਪੀੜੀਆਂ ਦੇ ਸਿੱਖ ਬੱਚਿਆਂ ਦੇ ਲਈ ਇੱਕ ਮਿਸਾਲੀ ਕਾਰਜ ਹੈ। ਸਾਰੇ ਬੱਚੇ-ਬੱਚੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਸੰਗੀਤ ਨਾਲ ਜੋੜਨ ਦਾ ਇਹ ਉੱਤਮ ਉਪਰਾਲਾ ਹੈ। ਸਾਡੀ ਸਾਰੇ ਸਿੱਖ ਬੱਚੇ-ਬੱਚੀਆਂ ਤੇ ਮਾਪਿਆਂ ਨੂੰ ਅਪੀਲ ਹੈ ਕਿ ਵੱਧ ਤੋਂ ਵੱਧ ਕੀਰਤਨ ਸਿੱਖਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿੱਚ ਗਾਇਨ ਕਰਨ। ਇਸ ਸਮਾਗਮ ਵਿੱਚ ਉੱਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿ. ਰਘਬੀਰ ਸਿੰਘ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਭਾਈ ਰਜਿੰਦਰ ਸਿੰਘ ਮਹਿਤਾ ਵੱਲੋਂ ਬਾਬਾ ਬਲਜਿੰਦਰ ਸਿੰਘ, ਡਾ. ਗੁਰਨਾਮ ਸਿੰਘ, ਅਰਜਨਵੀਰ ਸਿੰਘ ਅਤੇ ਉਹਨਾਂ ਦੇ ਸਾਰੇ ਸਹਿਯੋਗੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਰੂਪ ਵਿੱਚ ਸਨਮਾਨਿਤ ਕੀਤਾ ਗਿਆ।

* ਡੀਨ ਅਕਾਦਮਿਕ, ਪ੍ਰੋਫੈਸਰ ਤੇ ਮੁਖੀ (ਰਿਟਾ.), ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਪੁਸਤਕ ਰੀਵਿਊ

# ਆਨੰਦਪੁਰ ਸਾਹਿਬ ਬਾਰੇ ਖੋਜ ਪੁਸਤਕ

ਪ੍ਰੋ. ਨਵ ਸੰਗੀਤ ਸਿੰਘ

ਪੰਜਾਬ ਦੀ ਧਰਤੀ ਦਾ ਚੱਪਾ-ਚੱਪਾ ਸਿੱਖ ਗੁਰੂਆਂ ਦੀ ਬਖ਼ਸ਼ਿਸ਼ ਨਾਲ ਵਰੋਸਾਇਆ ਹੋਇਆ ਹੈ। ਇਸ ਮੁਕੱਦਸ ਸਰਜ਼ਮੀਨ ਉੱਤੇ 239 ਸਾਲ ਦਸ ਜਾਮਿਆਂ ਵਿੱਚ ਰੱਬੀ ਰੂਹਾਂ ਆਈਆਂ, ਜਿਨ੍ਹਾਂ ਨੇ ਭੁੱਲੀ-ਭਟਕੀ ਲੋਕਾਈ ਨੂੰ ਸਿੱਧੇ ਰਸਤੇ ਪਾਇਆ, ਤਅੱਸਬੀ ਲੋਕਾਂ ਦੇ ਜ਼ੁਲਮਾਂ ਤੋਂ ਬਚਾਇਆ ਤੇ ਜੇ ਕਿਧਰੇ ਕਿਸੇ ਨੇ ਮਜ਼ਲੂਮ ਨੂੰ ਪੀੜਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਆਪਣਾ ਸਭ ਕੁਝ ਦੇਸ਼, ਧਰਮ ਅਤੇ ਕੌਮ ਤੋਂ ਕੁਰਬਾਨ ਕਰ ਦਿੱਤਾ। ਗੁਰੂ ਨਾਨਕ ਦੇਵ ਜੀ (1469-1539) ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ (1666-1708) ਤੱਕ ਦੇ ਸਮੇਂ ਵਿੱਚ ਮੁਗਲ ਰਾਜ ਦਾ ਦੌਰ੍ਦੌਰਾ ਰਿਹਾ ਤੇ ਲੱਗਭੱਗ ਹਰੇਕ ਤਖ਼ਤ੍ਨਸ਼ੀਨ ਨਾਲ ਗੁਰਗੱਦੀ ਦਾ ਦਸਤਪੰਜਾ ਚਲਦਾ ਰਿਹਾ। ਜੇਕਰ ਗੁਰੂ ਨਾਨਕ ਦੇਵ ਜੀ ਨੇ ਬੇਆਬਰੂ ਤੇ ਬੇਇੱਜ਼ਤ ਹੋ ਕੇ ਜੀਣ ਨੂੰ ਹਰਾਮ ਦੇ ਤੁੱਲ ਮੰਨਿਆ :

ਜੇ ਜੀਵੈ ਪਤਿ ਲਥੀ ਜਾਇ॥ ਸਭ ਹਰਾਮ ਜੇਤਾ ਕਿਛੁ ਖਾਇ॥

ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਨੂੰ ਇੱਕੋ ਜਿਹਾ ਦਰਜਾ ਦੇ ਕੇ ਮੁਗਲੀਆ ਸਲਤਨਤ ਦੇ ਬਖ਼ੀਏ ਉਧੇੜ ਦਿਤੇ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਖ਼ਾਲਸਾ ਪੰਥ ਦੇ ਨਿਆਰੇਪਣ ਨੂੰ ਸਮੇਂ-ਸਮੇਂ ਤੇ ਕਵੀਆਂ, ਲੇਖਕਾਂ, ਦਾਰਸ਼ਨਿਕਾਂ ਨੇ ਆਪੋ੍ਆਪਣੀ ਕਲਮ ਰਾਹੀਂ ਰੇਖਾਂਕਿਤ ਕੀਤਾ ਹੈ, ਪਰ ਪੁਆਧ ਦੀ ਧਰਤੀ ਦੀ ਵੱਖਰਤਾ ਨੂੰ ਜਿਸ ਅਲੌਕਿਕ ਰੰਗ ਵਿੱਚ ਚਰਚਿਤ ਪੁਸਤਕ ੋਪੁਆਧ : ਖ਼ਾਲਸਾ ਪੰਥ ਦੀ ਜਨਮ ਭੂਮੀੋ ਰਾਹੀਂ ਪੁਨਰ੍ਸਿਰਜਿਤ ਕੀਤਾ ਗਿਆ ਹੈ, ਉਹਦਾ ਜਜ਼ਬਾ ਹੀ ਕੁਝ ਹੋਰ ਹੈ* ਪੁਆਧੀ ਖੇਤਰ ਦੀ ਸਿਰੜੀ, ਅਣਥੱਕ ਤੇ ਮਾਣਮੱਤੀ ਅਦਬੀ ਸ਼ਖ਼ਸੀਅਤ ਸ. ਮਨਮੋਹਨ ਸਿੰਘ ਦਾਊਂ ਨੂੰ ਆਪਣੀ ਜਨਮ ਭੂਮੀ ਨਾਲ ਬੇਹੱਦ ਲਗਾਓ ਹੈ ਤੇ ਉਨ੍ਹਾਂ ਨੇ ਇਸ ਦ੍ਰਿਸ਼ਟੀ ਤੋਂ ਗੌਲਣਯੋਗ ਤੇ ਜ਼ਿਕਰਯੋਗ ਕਾਰਜ ਕੀਤਾ ਹੈ। ਇਸ ਨਜ਼ਰੀਏ ਤੋਂ ਉਨ੍ਹਾਂ ਨੇ ਉਂਜ ਤਾਂ 12 ਕਿਤਾਬਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿੱਚ 9 ਸੰਪਾਦਿਤ ਤੇ 3 ਮੌਲਿਕ ਹਨ। ਰੀਵਿਊ ਅਧੀਨ ਪੁਸਤਕ ਇਸ ਲੜੀ ਦਾ ਛੇਵਾਂ ਪਰਾਗਾ ਹੈ। ਇਸਤੋਂ ਪਹਿਲੀਆਂ ਪੰਜ ਕਿਤਾਬਾਂ ਹਨ- ਪੁਆਧ ਦਰਪਣ 2006; ਧਰਤ ਪੁਆਧ 2006 (ਇਨਾਮੀ); ਪੁਆਧ ਕੀਆਂ ਝਲਕਾਂ 2021; ਆਦਿ ਜੁਗਾਦਿ ਪੁਆਧ 2022; ਅਤੇ ਪੰਜਾਬ ਦਾ ਗੌਰਵ ਪੁਆਧ 2023 । ਸ. ਮਨਮੋਹਨ ਸਿੰਘ ਦਾਊਂ ਦੀ ਸੰਪਾਦਨਾ ਵਿੱਚ ਪ੍ਰਕਾਸ਼ਿਤ ਹੋਰ ਕਿਤਾਬਾਂ ਹਨ-ਮੇਰਾ ਪੁਆਧ : ਲੇਖਕ ਐੱਸ ਐੱਸ ਕਿਸ਼ਨਪੁਰੀ 2009, ਕਥਾ ਪੁਰਾਤਨ ਪੁਆਧ ਕੀ : ਲੇਖਕ ਗਿ.ਧਰਮ ਸਿੰਘ ਭੰਖਰਪੁਰ, ਪੁਆਧੀ ਸਨਮਾਨਿਤ ਸ਼ਖ਼ਸੀਅਤਾਂ 2023, ਪੁਆਧ ਤੇ ਪੁਆਧੀ ਭਾਸ਼ਾ : ਤਥਾਗਤ ਅਧਿਐਨ 2025 (ਸਹਿ ਸੰਪਾ। ਡਾ. ਮੁਖਤਿਆਰ ਸਿੰਘ)। ਇਸ ਸੰਪਾਦਨਾ ਤੋਂ ਬਿਨਾਂ ਦਾਊਂ ਹੁਰਾਂ ਦੀਆਂ ਤਿੰਨ ਮੌਲਿਕ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ-ਪੁਆਧ ਦੇ ਜੰਮੇ (ਐਨਬੀਟੀ, 2020), ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ (ਇਨਾਮੀ, 2023), ਪੁਆਧ ਤੇ ਪੁਆਧ ਦੇ ਲੇਖਕਾਂ ਤੇ ਖੋਜ ਕਾਰਜ ਸੰਦਰਭ ਕੋਸ਼ (2020), ਚੰਡੀਗੜ੍ਹ ਲੋਪ ਕੀਤੇ ਪਿੰਡੋ ਦਾ ਅੰਗਰੇਜ਼ੀ (ਡਾ. ਸੀ ਐੱਸ ਸੇਖੋਂ, 2023, ਵੱਲੋਂ) ਅਤੇ ਹਿੰਦੀ (ਜਗਪਾਲ, 2024, ਵੱਲੋਂ) ਅਨੁਵਾਦ ਵੀ ਛਪ ਚੁੱਕਾ ਹੈ। ਚਰਚਾ ਅਧੀਨ ਪੁਸਤਕ ਦੀ ਸੰਪਾਦਨਾ ਵਿੱਚ ਦਾਊਂ ਦਾ ਸਾਥ ਡਾ. ਮੁਖਤਿਆਰ ਸਿੰਘ ਨੇ ਦਿੱਤਾ ਹੈ। ਕਿਤਾਬ ਦੇ ਪੰਜ ਭਾਗ ਬਣਾਏ ਹਨ, ਜਿਸਦੇ ਅੰਤਰਗਤ ਪਹਿਲੇ ਭਾਗ ਵਿੱਚ ਵਾਰਤਕ, ਦੂਜੇ ਵਿੱਚ ਸਿੱਖ ਇਤਿਹਾਸ ਨਾਲ ਸੰਬੰਧਿਤ ਦ੍ਰਿਸ਼ ਚਿੱਤਰਣ, ਤੀਜੇ ਵਿੱਚ ਪੁਆਧ ੋਚ ਖ਼ਾਲਸਾ ਪੰਥ ਨਾਲ ਸੰਬੰਧਿਤ ਇਤਿਹਾਸਕ ਯਾਦਗਾਰਾਂ, ਚੌਥੇ ਵਿੱਚ ਕਵਿਤਾਵਾਂ ਤੇ ਪੰਜਵੇਂ ਵਿੱਚ ਤਸਵੀਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ ਕੁੱਲ 43 ਰਚਨਾਵਾਂ (16 ਵਾਰਤਕ 5 ਦ੍ਰਿਸ਼ ਚਿੱਤਰਣ 4 ਯਾਦਗਾਰਾਂ 18 ਕਵਿਤਾਵਾਂ) ਅਤੇ 30 ਤਸਵੀਰਾਂ ਨਾਲ ਸੁਸੱਜਿਤ ਇਹ ਕਿਤਾਬ ਇੱਕ ਖੋਜ ਪੁਸਤਕ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਹਰ ਰਚਨਾ ਨਾਲ ਲੇਖਕ ਦਾ ਸੰਪਰਕ ਨੰ. ਦਿੱਤਾ ਗਿਆ ਹੈ। ਕਿਤਾਬ ਦੇ ਲੱਗਭੱਗ ਸਾਰੇ ਹੀ ਲੇਖਕ ਪੁਆਧ ਖੇਤਰ ਨਾਲ ਸੰਬੰਧ ਰੱਖਣ ਵਾਲੇ ਹਨ।

ਪੁਸਤਕ ਵਿੱਚ ਭਾਵੇਂ ਮੁੱਖ ਤੌਰ ਤੇ ਆਨੰਦਪੁਰ ਸਾਹਿਬ ਨੂੰ ਹੀ ਕੇਂਦਰ ਬਿੰਦੂ ਬਣਾਇਆ ਗਿਆ ਹੈ ਪਰ ਨਾਲ-ਨਾਲ ਹੋਰ ਨਿਕਟਤਮ ਸਥਾਨ ਵੀ ਕਲਾਵੇ ਵਿੱਚ ਲਏ ਗਏ ਹਨ, ਜਿਵੇਂ ਕਿ ਕੁੰਮੇ ਮਾਸ਼ਕੀ ਦੀ ਝੁੱਗੀ, ਚਮਕੌਰ ਦਾ ਯੁੱਧ, ਸਾਕਾ ਸਰਹਿੰਦ, ਚੱਪੜਚਿੜੀ, ਵਿਦਿਅਕ ਸੰਸਥਾਵਾਂ, ਅੱਠਵਾਂ ਅਜੂਬਾ ਆਦਿ। ਜਿਨ੍ਹਾਂ ਲੇਖਕਾਂ, ਕਵੀਆਂ, ਦਾਰਸ਼ਨਿਕਾਂ ਨੇ ਆਪਣੀਆਂ ਰਚਨਾਵਾਂ ਨਾਲ ਪੁਸਤਕ ਨੂੰ ਸ਼ਿੰਗਾਰਿਆ ਹੈ, ਉਨ੍ਹਾਂ ਵਿੱਚ ਦੋਹਾਂ ਸੰਪਾਦਕਾਂ ਸਮੇਤ ਡਾ. ਜਗਜੀਤ ਸਿੰਘ, ਤਲਵਿੰਦਰ ਸਿੰਘ ਬੁੱਟਰ, ਸ਼ਮਸ਼ੇਰ ਸਿੰਘ ਡੂਮੇਵਾਲ, ਭਾਈ ਹਰਸਿਮਰਨ ਸਿੰਘ, ਸੁਰਿੰਦਰ ਸਿੰਘ ਰਸੂਲਪੁਰ, ਦਲਜੀਤ ਕੌਰ ਦਾਊਂ, ਕਰਮਜੀਤ ਸਿੰਘ, ਡਾ. ਹਰਚੰਦ ਸਿੰਘ ਸਰਹੰਦੀ, ਨਿਰੰਜਨ ਸਿੰਘ ਸਾਥੀ, ਬਹਾਦਰ ਸਿੰਘ ਗੋਸਲ, ਪ੍ਰੋ. ਸੁਖਵਿੰਦਰ ਸਿੰਘ, ਡਾ. ਰਾਜਿੰਦਰ ਸਿੰਘ ਕੁਰਾਲੀ, ਡਾ. ਗੁਰਪ੍ਰੀਤ ਕੌਰ, ਪ੍ਰੋ. ਰਵਿੰਦਰ ਸਿੰਘ, ਸਤਵਿੰਦਰ ਸਿੰਘ ਮੜੌਲਵੀ, ਗੁਰਪ੍ਰੀਤ ਸਿੰਘ ਨਿਆਮੀਆ, ਹਰਪ੍ਰੀਤ ਸਿੰਘ ਨਾਜ਼, ਗਿ. ਧਰਮ ਸਿੰਘ ਭੰਖਰਪੁਰ, ਸੋਹਨ ਸਿੰਘ ਸੀਤਲ, ਗਿ. ਸਵਰਨ ਸਿੰਘ ਢੰਗਰਾਲੀ, ਡਾ. ਜਸਪਾਲ ਸਿੰਘ ਜੱਸੀ, ਭਾਈ ਮਨਿੰਦਰ ਸਿੰਘ ਸ੍ਰੀਨਗਰ, ਚਰਨ ਸਿੰਘ ਸਫ਼ਰੀ ਤੇ ਨੰਦਲਾਲ ਨੂਰਪੁਰੀ ਦੇ ਨਾਂ ਸ਼ਾਮਲ ਹਨ। ਹਰ ਰਚਨਾਕਾਰ ਨੇ ਸ੍ਰੀ ਆਨੰਦਪੁਰ ਸਾਹਿਬ ਨਾਲ ਜੁੜੇ ਸੰਬੰਧਿਤ ਵਾਕਿਆ-ਸ਼ਖ਼ਸੀਅਤ ਨੂੰ ਬਿਆਨ ਕਰਨ ਵਿੱਚ ਪੂਰੀ ਸ਼ਿਦਤ ਵਿਖਾਈ ਹੈ।

ਸਾਰੇ ਹੀ ਲੇਖਾਂ, ਕਵਿਤਾਵਾਂ ਤੇ ਹੋਰ ਸਾਮੱਗਰੀ ਦਾ ਆਪੋ-ਆਪਣਾ ਮਹੱਤਵ ਹੈ ਪਰ ਪੁਸਤਕ ਦੇ ਸੰਪਾਦਕ ਸ. ਮਨਮੋਹਨ ਸਿੰਘ ਦਾਊਂ ਦੇ ਦ੍ਰਿਸ਼ ਚਿੱਤਰ ਤੇ ਕਵਿਤਾਵਾਂ ਦਾ ਜਲੌਅ ਤੇ ਫ਼ਬੌਅ ਆਪਣੀ ਨਿਰਾਲੀ ਆਭਾ ਨਾਲ ਚਮਕਦਾ ਹੈ। ਦਾਊਂ ਹੁਰਾਂ ਨੇ ਇਹ ਪੇਸ਼ਕਾਰੀ ਇਉਂ ਕੀਤੀ ਹੈ, ਜਿਵੇਂ ਉਹ ਉਸ ਸਮੇਂ ਉੱਥੇ ਵਿਚਰੇ ਹੋਣ ਜਾਂ ਕੈਮਰਾ ਲੈ ਕੇ ਤਸਵੀਰਾਂ ਖਿੱਚ ਰਹੇ ਹੋਣ ਉਨ੍ਹਾਂ ਦੇ ਅੰਦਾਜ਼ੇ-ਬਿਆਨ ਵਿੱਚ ਅਜਿਹੀ ਮਿਕਨਾਤੀਸੀ ਖਿੱਚ ਹੈ ਕਿ ਪਾਠਕ ਭਾਵਕ ਹੋ ਉਠਦਾ ਹੈ ਤੇ ਕਦੇ-ਕਦਾਈਂ ਇਹ ਸੰਵੇਦਨਾ ਇੰਨੀ ਭਾਰੂ ਹੋ ਜਾਂਦੀ ਹੈ ਕਿ ਆਪ-ਮੁਹਾਰੇ ਅੱਖਾਂ ਨਮ ਹੋ ਜਾਂਦੀਆਂ ਹਨ। ਇਨ੍ਹਾਂ ਸ਼ਬਦ-ਚਿੱਤਰਾਂ ਚੋਂ ਕੁਝ ਮਿਸਾਲਾਂ :

* ਇੱਕ ਗਰਦ-ਗੁਬਾਰ ਨੂਰੀ ਸੂਰਜ ਨੇ ਧੋਅ ਦੇਣੀ ਸੀ। ਪਹਾੜੀਆਂ ਖਾਮੋਸ਼ ਸਨ। ਬਿਰਖ ਵੀ ਸਵੇਰੇ-ਸਵੇਰੇ ਅਡੋਲ ਜਾਪ ਰਹੇ ਸਨ। ਚਾਰੇ ਪਾਸੇ ਵਿਸਮਾਦੀ ਰੰਗ ਦਾ ਪਹਿਰਾ ਸੀ। (109)
* ਗੁਰੂ ਜੀ ਦੇ ਅੱਗੇਅੱਗੇ ਚਾਨਣ ਸੀ ਤੇ ਪਿੱਛੇ ਚਾਨਣ ਆਪਣੀ ਹਾਜ਼ਰੀ ਭਰ ਰਿਹਾ ਸੀ। (111)
* ਬਾਹਰ ਹਨੇਰਾ ਭਿਣਕ ਲੈ ਰਿਹਾ ਹੈ। ਭੈਅ ਸੁੰਨ ਹੋਇਆ ਫਿਰਦਾ ਹੈ।... ਗੁਰੂ ਤੇਗ ਦਾ ਧਨੀ, ਪਾਤਸ਼ਾਹਾਂ ਦਾ ਪਾਤਸ਼ਾਹ, ਫ਼ਕੀਰੀ ਦੇ ਭੇਸ ਚ ਆਪਣੀ ਸੂਰਜੀ-ਪਿੱਠ ਦੀ ਸ਼ਕਤੀ ਦੇ ਜਲੌਅ ਨਾਲ ਤੁਰ ਪੈਂਦਾ ਹੈ। (117)
* ਚਾਰੇ ਪਾਸੇ ਜੰਗਲ ਹੀ ਜੰਗਲ, ਚਾਨਣ ਦੀ ਰਿਸ਼ਮ ਨਾਲ੍ ਨਾਲ ਤੁਰ ਰਹੀ ਹੈ।(118)
* ਅਜਿਹੇ ਕਹਿਰ ਦੇ ਪਹਿਰ ਅਕਾਲ-ਪੁਰਖ ਨੂੰ ਸ਼ਿਕਵਾ ਕਰਨ ਦੀ ਥਾਂ ਸ਼ੁਕਰਾਨੇ ਦੇ ਬੋਲ ਜੰਗਲ ਦੀਆਂ ਪੌਣਾਂ ਚ ਖਿੰਡ ਜਾਂਦੇ ਹਨ।(119)
* ਰਾਤੜੀਂ ਚੋਂ ਦੋ ਸੂਰਜੇ ਚਿਹਰਿਆਂ ਨੇ ਉਦੈ ਹੋ, ਤਵਾਰੀਖ ਦੇ ਪੰਨਿਆਂ ਤੇ ਹਸਤਾਖ਼ਰ ਕਰਨੇ ਸਨ। (121)
* ਕੁਝ ਪਲਾਂ ਪਿੱਛੋਂ ਅੰਬਰੀ ਬੱਦਲਾਂ ਚੋਂ ਬੂੰਦਾਂ ਟਪਕੀਆਂ। ਜ਼ੁਲਮ ਦੀ ਇੰਤਹਾ ਹੋਈ।(122)
* ਦਿਲਾਂ ਉੱਤੇ ਦਸਤਕ ਦਿੱਤੀ ਬੋਲਾਂ ਨੇ ਮਨਾਂ ਵਿੱਚ ਲੋਅ ਜਗਾਈ ਸ਼ਬਦਾਂ ਨੇ ਤੰਬੂ ਅੰਦਰ ਅੰਮ੍ਰਿਤ ਵਰ੍ਹਿਆ ਤੰਬੂ ਬਾਹਰ ਚਾਨਣ ਝਰਿਆ।ਜਾਤ-ਪਾਤ, ਊਚ-ਨੀਚ ਭਰਮ-ਭਾਉ, ਮੋਹ-ਮੌਤ ਦੂਰ ਕੀਤੇ ਪਾਤਸ਼ਾਹ ਰੂਪ ਤੇ ਸਰੂਪ ਨਵਾਂ ਬਖ਼ਸ਼ਿਆ।(185)

ਅਜਿਹੀ ਤਲਿੱਸਮੀ ਵਾਰਤਕੇਕਵਿਤਾ ਪਾਠਕਾਂ ਦੀ ਰੂਹ ਤੱਕ ਨੂੰ ਕੀਲਣ ਦੀ ਸਮਰੱਥਾ ਰੱਖਦੀ ਹੈ ਤੇ ਉਹਨੂੰ ਆਪਣੀ ਉਂਗਲ ਫੜਾ ਕੇ ਨਾਲ ਲੈ ਤੁਰਦੀ ਹੈ। ਪਾਠਕ ਦਰਸ਼ਕ ਬਣ ਜਾਂਦਾ ਹੈ ਤੇ ਆਪਣੇ ਸਾਹਮਣੇ ਹੁੰਦੇ ਵਾਕਿਆਤ ਨੂੰ ਸਾਖਿਆਤ ਵਾਪਰਦੇ ਨਿਹਾਰਦਾ ਹੈ। ਧਰਤ ਪੁਆਧ ਦੇ ਜ਼ੱਰੇ ਜ਼ੱਰੇ ਚੋਂ ਅਗੰਮੀ ਰਿਸ਼ਮਾਂ ਖਿਲੇਰਨ ਵਾਲੀ ਇਸ ਪੁਸਤਕ ਦਾ ਹਾਰਦਿਕ ਅਭਿਨੰਦਨ ! ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ 18616 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 300/- ਰੁਪਏ ਹੈ।

1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)

# Bhai Beant Singh Bijli

Dr. Amardev Singh



Bhai Beant Singh Bijli was born on January 2nd, 1930 in the Jalandhar District of Punjab and lived in the town of Phillaur. He started learning Kirtan at the age of 5 years and started achieving recognition right from the age of 12. At the age of 16, he won the Basant Raag Sammelan held in Patiala. He learnt music from various teachers, both professional and amateur. He cared for the art that any teacher had to offer versus the social stature or religion of the teacher. One of his vocal teachers was the great Prof. Darshan Singh Komal of Hoshiarpur and Gurbaksh Singh of Ludhiana. He also learnt from teachers by becoming an apprentice with teachers who were in various professions for the love of learning what those individuals had to share.

Bhai Beant Singh Ji earned the introduction of 'Bijli' (meaning Lightning) as he could modulate his voice to a very high pitch. Prof. Darshan Singh Komal once sitting behind him was so impressed with the performance of Bhai Beant Singh Ji, that he said in a matter of fact way, "Please lower your pitch. If you don't control it, I am afraid your notes may not bring down the stars." Bhai Beant Singh Ji at the passing away of one of his teachers, promptly created a Raag while singing a composition in honour of his teacher, as a variation of Raag Malkauns, and called it Komalkauns.

Bhai Beant Singh Ji's contemporaries include Bhai Avtar Singh and Gurcharan Singh. Bhai Avtar Singh Ji was a close friend from childhood of Bhai Beant Singh Ji. Other contemporaries include Bhai Dharam Singh Zakhmi and several other renowned Kirtanias. Bhai Sahib was the 'Head Sevadar' of the historic Muktsar Gurdwara. Before the partition of India, tabla accompaniment to Bhai Sahib was given by Iqbal, one of the greatest tabla players who went on to train great masters like Tariq Khan and others. Bhai Sahib also had his brother who accompanied him on the 'dilruba' and Bhai Sahib himself used to play it before harmoniums came in vogue. Then Bhai Sahib moved to Kenya where he was the 'Head Granthi' of all the Gurdwaras from 1968 to 1982. He was awarded a gold medal and often came on the local TV in Kenya in his years there.

After a successful career as the 'Head Granthi', Bhai Sahib went

into semi-retirement and started to spend his time between his hometown in Phillaur, India and in the United Kingdom (UK) and the United States of America (USA) visiting his sons and daughters with his wife. It was in the year 2001 to 2007 when Bhai Sahib Ji was living in Gaithersburg, Maryland with his son, Dr. Gur Jai Pal Singh that he was requested by some members of the local Sikh community in Northern Virginia's Dulles Corridor to start doing Kirtan again to bless the local Sangat with rich and divine Raag based Shabad Kirtan compositions that he knew so well. Bhai Sahib along with his son and grandson, Bavan Pal Singh who is an upcoming tabla player began to do Kirtan in the local Gurdwaras on special request.

Bhai Beant Singh Bijli took his last breath and passed away peacefully on 20th August 2019.

**E-mail: kirtansewamalaysia@gmail.com**

**ਲੇਖਕਾਂ ਨੂੰ ਬੇਨਤੀ**

ਲੇਖਾਂ ਵਿੱਚ ਪ੍ਰਯੋਗ ਹੋਈਆਂ ਗੁਰਬਾਣੀ ਦੀਆਂ ਤੁਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਸ਼ਬਦ-ਜੋੜਾਂ ਨਾਲ ਮੇਲ ਕੇ ਪੰਨਾ ਅੰਕਿਤ ਕੀਤਾ ਜਾਵੇ ਜੀ।

**ਜ਼ਰੂਰੀ ਸੂਚਨਾ**

ਮੈਗਜ਼ੀਨ ਮਿਲਣ ਤੇ ਮੋਬਾਈਲ ਨੰਬਰ 9855640630 ਤੇ ਜ਼ਰੂਰ ਸੂਚਿਤ ਕਰੋ ਜੀ।

# ਰਾਗ ਗੌਂਡ

ਗੁਰਬਖਸ਼ ਸਿੰਘ

ਸ੍ਰੀ ਭਾਤਖੰਡੇ ਆਪਣੀ ਕਰਾਮਿਕ ਪੁਸਤਕ ਮਾਲਿਕਾ ਭਾਗ 6 ਵਿੱਚ ਗੌੜ ਰਾਗ ਨੂੰ ਕਾਫੀ ਠਾਠ ਦਾ ਮੰਨਦੇ ਹਨ ਅਤੇ ਹਿੰਦੀ ਦੀਆਂ ਸੰਗੀਤ ਪੁਸਤਕਾਂ ਵਿੱਚ ਗੌਂਡ ਨਾਮ ਦਾ ਕੋਈ ਰਾਗ ਨਹੀਂ ਮਿਲਦਾ, ਇਸ ਦਾ ਨਾਮ ਗੌੜ ਲਿਖਿਆ ਮਿਲਦਾ ਹੈ ਪਰ ਸਿੱਖ ਜਗਤ ਵਿੱਚ ਸ਼ਾਇਦ ਗੌੜ ਨੂੰ ਹੀ ਗੌਂਡ ਕਿਹਾ ਜਾਂਦਾ ਹੈ। ਇਹ ਗੌਂਡ ਨਾਮ ਦਾ ਰਾਗ ਗੁਰੂ ਘਰ ਦੇ ਰਾਗੀ ਜਿਆਦਾਤਰ ਬਿਲਾਵਲ ਠਾਠ ਵਿੱਚ ਮੰਨ ਕੇ ਇਸ ਦਾ ਗਾਇਨ ਕਰਦੇ ਹਨ। ਬਿਲਾਵਲ ਠਾਠ ਦੇ ਗੌਂਡ ਦਾ ਹੀ ਵੇਰਵਾ ਦਿੱਤਾ ਜਾ ਰਿਹਾ ਹੈ।

ਇਹ ਰਾਗ ਸੰਪੂਰਨ ਜਾਤੀ ਦਾ ਹੈ ਜਿਸ ਵਿੱਚ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਦਾ ਵਾਦ – ਸੰਵਾਦ ਮ – ਸ ਦਾ ਹੈ ਅਤੇ ਦਿਨ ਦੇ ਦੂਸਰੇ ਪਹਿਰ ਗਾਇਆ ਜਾਂਦਾ ਹੈ। ਮ – ਸ ਦਾ ਵਾਦ–ਸੰਵਾਦ ਹੋਣ ਦੇ ਨਾਤੇ ਇਹ ਸਰਪਰਦਾ ਅਤੇ ਨਟ ਦੇ ਬਹੁਤ ਕਰੀਬ ਲੱਗਦਾ ਹੈ। ਇਸ ਦੇ ਅਵਰੋਹ ਵਿੱਚ ਧੈਵਤ ਵਕ੍ਰ ਹੋਇਆ ਲੱਗਦਾ ਹੈ।

**ਆਰੋਹ**: ਸ ਰ ਗ ਮ, ਪ, ਧ ਨ ਧ, ਨ ਸੰ

**ਅਵਰੋਹ**: ਸੰ ਨ ਧ ਨ ਪ, ਮ ਗ ਰ ਸ

**ਮੁੱਖ ਅੰਗ**: ਮ, ਪ, ਨ ਧ ਨ ਪ, ਗ ਮ, ਗ ਰ, ਗ ਰ ਸ।

**ਚਾਲ**: ਰ ਗ – ਸ – ਰ ਗ ਮ – ਗ ਰ ਗ ਰ ਸ, ਗ ਰ ਸ – ਧ਼ ਨ਼ ਸ, ਸ – ਗ ਰ ਗ ਮ – ਪ ਮ
ਗ ਰ ਗ ਮ – ਰ ਗ ਰ ਸ, ਗ ਰ ਗ ਮ ਪ ਮ, ਪ ਮ ਗ ਮ ਰ ਗ ਪ ਮ – ਗ ਰ ਗ ਰ ਸ,
ਗ ਰ ਗ ਮ – ਪ ਧ ਪ ਮ ਗ ਮ – ਪ – ਧ ਨ ਸੰ, ਸੰ ਨ ਧ ਨ ਪ, ਪ ਧ ਮ ਪ ਗ ਮ ਰ ਗ
ਮ – ਗ ਰ ਗ ਰ ਸ, ਰ ਗ ਮ – ਮ ਪ ਮ – ਨ ਧ ਨ ਪ, ਨ ਧ ਨ ਸੰ ਰੰ ਸੰ, ਗੰ ਰੰ ਗੰ ਰੰ
ਸੰ ਨ ਧ ਨ ਸੰ, ਨ ਧ ਨ ਧ ਪ – ਮ ਪ ਗ ਮ ਰ ਗ ਸ – ਰ ਗ ਮ।

## ਗੌਂਡ (ਤਿੰਨ ਤਾਲ)

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥
ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥
ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥੧॥
ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥
ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥੨॥
(ਗੌਂਡ ਨਾਮਦੇਉ ਜੀ) ਅੰਗ ੮੭੩

## ਅਸਥਾਈ

| | | | | | | | | | |
|---|---|---|---|---|---|---|---|---|---|
| | | | | | | | | ਸ | ਰ |
| | | | | | | | | ਗੁ | ਰ |
| ਗ | ਗ | ਗ | ਗ | – | ਗ | ਸ | ਰ | ਸ | ਰ |
| ਸਾਂ | ऽ | ਤ | ਪਾ | ऽ | ਈ | ऽ | ऽ | ਗੁ | ਰ |
| ਪਗ | – | ਗ | ਗ | ਪ | ਧ | ਪ | ਧ | ਪ | ਗ |
| ਸਾਂ | ऽ | ਤ | ਪਾ | ऽ | ऽ | ऽ | ऽ | ਈ | ऽ |
| ਗ | ਗ | ਪ | – | ਧ | ਸੰ | – | ਸੰ | ਧ | ਪ |
| ਸ | ਤ | ਗੁ | ऽ | ਰ | ਪੂ | ऽ | ਰੇ | ऽ | ऽ |
| ਗ | ਰ | ਗ | ਧ | ਪ | ਗ | ਰ | ਗੁਰ | ਸ | ਧ਼ |
| ਸੁ | ਖ | ਉ | ऽ | ਪ | ਜੇ | ऽ | ਬਾऽ | ਜੇ | ऽ |
| ਧ਼ਗ | ਰ | ਗ | ਧ | ਪ | ਗ | ਰ | ਗ, | ਸ | ਰ |
| ਅऽ | ਨ | ਹ | ऽ | ਦ | ਤੂ | ऽ | ਰੇ, | ਗੁ | ਰ |
| x | | ੨ | | | ੦ | | ੩ | | |

## ਅੰਤਰਾ


| | | | | | | | | | |
|---|---|---|---|---|---|---|---|---|---|
| ਪ | – | ਧ | ਪ | ਗ | ਪ | ਧ | ਸੰ | ਧ | ਧ |
| ਤਾ | ऽ | ਪ | ऽ | ऽ | ਪਾ | ऽ | ਪ | ऽ | ਸੰ |
| ਸੰ | – | ਸੰ | – | ਸੰ | ਧ | ਰੰ | ਸੰ | – | – |
| ਤਾ | ऽ | ਪ | ऽ | ਬਿ | ਨਾ | ऽ | ਸੇ | ऽ | ऽ |
| ਪ | ਧ | ਸੰ | – | ਰੰ | ਗੰ | ਰੰ | ਸੰ | ਧ | ਪ |
| ਹ | ਰ | ਸਿ | ऽ | ਮ | ਰ | ਤ | ਕਿ | ऽ | ਲ |
| ਗ | ਰ | ਗ | ਧ | ਪ | ਗ | ਰ | ਗ, | ਸ | ਰ |
| ਬਿ | ਖ | ਸ | ऽ | ਭ | ਨਾ | ऽ | ਸੇ, | ਗੁ | ਰ |
| x | | ੨ | | | ੦ | | ੩ | | |

**ਨੋਟ :** ਮੇਰੇ ਪਹਿਲੇ ਉਸਤਾਦ ਫਿਰੋਜ਼ਪੁਰ ਨਿਵਾਸੀ ਪੰਡਤ ਕਾਂਸ਼ੀ ਰਾਮ ਜੀ ਦੀ ਦੇਣ।

**e-mail: gurbuxsingh@gmail.com**

# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




# PIONEERING ENGINEERING SOLUTIONS IN RUBBER & PLASTIC




















THE ALP GROUP

**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgropup.in
E-mail: alp@anbros.com